# ਪਰਮੇਸ਼ੁਰ ਦੀ ਇੱਛਾ ਅਤੇ ਮਨੁੱਖ ਦੀ ਸੁਤੰਤਤਰ ਇੱਛਾ

ਫ੍ਰੈਂਕਲਿਨ ਦੇ ਨੋਟਸ

ਯਸਾਯਾਹ 55:8-11 ਕਿਉਂ ਜੋ **ਮੇਰੇ ਖਿਆਲ ਤੁਹਾਡੇ ਖਿਆਲ ਨਹੀਂ**, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ
ਵਾਕ ਹੈ। [9] ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ **ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।**

- ਉੱਪਰਲੀ ਆਇਤ ਲਈ ਤੁਹਾਨੂੰ ਆਖਣਾ ਚਾਹੀਦਾ ਹੈ "ਹਾਂ ਅਤੇ ਇਸ ਦੇ ਵਿੱਚ ਮੈਂ ਵੀ ਸ਼ਾਮਲ ਹਾਂ"। ਜਦੋਂ ਇਹ ਆਇਤ ਅੱਗੇ ਵਧਦੀ ਹੈ, ਤਾਂ ਸਾਨੂੰ ਇੱਕ ਹੋਰ ਦ੍ਰਿੜ ਕਥਨ ਦਿੱਤਾ ਗਿਆ ਹੈ ਜੋ ਸਾਡੇ ਅਧਿਐਨ ਵਿੱਚ ਸਾਡੀ ਅਗਵਾਈ ਕਰਦਾ ਹੈ।

[10] ਜਿਵੇਂ ਤਾਂ ਵਰਖਾ ਅਤੇ ਬਰਫ਼ ਅਕਾਸ਼ ਤੋਂ ਪੈਂਦੀ ਹੈ, ਅਤੇ ਉੱਥੇ ਨੂੰ ਮੁੜ ਨਹੀਂ ਜਾਂਦੀ, ਸਗੋਂ ਧਰਤੀ ਨੂੰ ਸਿੰਜ ਕੇ ਉਸ
ਨੂੰ ਜਮਾਉਂਦੀ ਅਤੇ ਖਿੜਾਉਂਦੀ ਹੈ, ਐਉਂ ਬੀਜਣ ਵਾਲੇ ਨੂੰ ਬੀ ਅਤੇ ਖਾਣ ਵਾਲੇ ਨੂੰ ਰੋਟੀ ਦਿੰਦੀ ਹੈ, [11] ਤਿਵੇਂ **ਮੇਰਾ ਬਚਨ**
ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, **ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ, ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਏਗਾ।**

- ਇੱਕ ਦ੍ਰਿੜ ਕਥਨ ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਵੱਲੋਂ ਹੈ (1 ਤਿਮੋਥਿਉਸ 6:15) ਜਿਸ ਵਿੱਚ ਘੁੰਮਣ ਨਾਲ ਪੈਣ ਵਾਲਾ ਕੋਈ ਪਰਛਾਵਾਂ ਨਹੀਂ ਹੈ (ਯਾਕੂਬ 1:17)

ਯਸਾਯਾਹ 46:8-10 ਏਹ ਨੂੰ ਚੇਤੇ ਰੱਖੋ ਅਤੇ **ਮਨੁੱਖ ਬਣੋ**, ਫੇਰ ਦਿਲ ਤੇ ਲਾਓ, . . . ਪੁਰਾਣੇ ਸਮੇਂ ਦੀਆਂ ਪਹਿਲੀਆਂ
ਗੱਲਾਂ ਨੂੰ ਚੇਤੇ ਰੱਖੋ, ਕਿਉਂ ਜੋ ਮੈਂ ਪਰਮੇਸ਼ੁਰ ਹਾਂ ਅਤੇ ਹੋਰ ਕੋਈ ਨਹੀਂ, ਪਰਮੇਸ਼ੁਰ, ਅਤੇ ਮੇਰੇ ਵਰਗਾ ਕੋਈ ਨਹੀਂ। [10]
**ਮੈਂ ਆਦ ਤੋਂ ਅੰਤ ਨੂੰ, ਅਤੇ ਮੁੱਢ ਤੋਂ** ਜੋ ਅਜੇ ਨਹੀਂ ਹੋਇਆ **ਦੱਸਦਾ ਹਾਂ**, ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ**, ਅਤੇ **ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

ਯਸਾਯਾਹ 14:24 ਸੈਨਾਂ ਦੇ ਯਹੋਵਾਹ ਨੇ ਸੌਂਹ ਖਾਧੀ, ਕਿ ਨਿਸੰਗ ਜਿਵੇਂ ਮੈਂ ਠਾਣਿਆ, ਤਿਵੇਂ ਹੋ ਜਾਵੇਗਾ, ਅਤੇ **ਜਿਵੇਂ ਮੈਂ ਮਤਾ ਮਤਾਇਆ, ਤਿਵੇਂ ਉਹ ਕਾਇਮ ਰਹੇਗਾ,**

ਜ਼ਬੂਰ 33:8-12 **ਯਹੋਵਾਹ ਦੀ ਸਲਾਹ ਸਦਾ ਅਟੱਲ ਰਹਿੰਦੀ ਹੈ**, ਅਤੇ ਉਸ ਦੇ ਮਨ ਦੀਆਂ ਸੋਚਾਂ ਪੀੜ੍ਹੀਓਂ ਪੀੜ੍ਹੀ।

ਪਰਮੇਸ਼ੁਰ ਸ਼ਰਬ ਸ਼ਕਤੀਮਾਨ ਹੈ ਇਸ ਵਿੱਚ ਕੋਈ ਸ਼ੱਕ ਨਹੀਂ ਹੈ।

ਅਤੇ ਇਹ ਕਿ **ਮਨੁੱਖ ਕੋਲ** ਪਰਮੇਸ਼ੁਰ ਦੀਆਂ ਯੋਜਨਾਵਾਂ, ਇੱਛਾਵਾਂ ਅਤੇ ਮਰਜ਼ੀ ਦਾ ਵਿਰੋਧ ਕਰਨ ਲਈ **ਸੁਤੰਤਤਰ ਇੱਛਾ ਹੈ**, ਇਹ **ਆਦਮ ਅਤੇ ਹੱਵਾਹ ਦੇ ਵਿਦਰੋਹ** ਤੋਂ ਸ਼ੁਰੂ ਜੋ ਕੇ ਅਤੇ ਉਸ ਤੋਂ ਬਾਅਦ ਹਰ ਵਿਅਕਤੀ ਵਿੱਚ ਪੂਰੀ ਤਰ੍ਹਾਂ ਨਾਲ ਸਪੱਸ਼ਟ ਹੈ।

ਸ਼ਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਨੇ ਮਨੁੱਖ ਨੂੰ ਆਪਣੇ ਸਰੂਪ ਉੱਤੇ ਬਣਾਇਆ ਅਤੇ ਉਸ ਨੂੰ **ਸੁਤੰਤਤਰ ਇੱਛਾ** ਅਤੇ ਧਰਤੀ ਉੱਤੇ ਸੀਮਿਤ ਸ਼ਕਤੀ ਦਿੱਤੀ।

ਉਤਪਤ 1:26-29 ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ . . . **ਸਾਰੀ ਧਰਤੀ** ਉੱਤੇ . . . **ਰਾਜ ਕਰਨ** . . . ਧਰਤੀ ਨੂੰ ਭਰ ਦਿਓ . . . (ਇਹ ਵੀ ਵੇਖੋ: ਜ਼ਬੂਰ 115:16)

ਪਰਮੇਸ਼ੁਰ **ਆਦਮ ਅਤੇ ਹੱਵਾਹ ਨੂੰ ਪਿਆਰ ਕਰਦਾ ਸੀ**। ਉਹ ਉਨ੍ਹਾਂ ਨਾਲ ਹਰ ਰੋਜ਼ ਬਾਗ ਵਿੱਚ ਇੱਕ ਨੇੜੇ ਦੇ **ਗੂੜੇ ਸਬੰਧ** ਨਾਲ ਸੈਰ ਕਰਦਾ ਸੀ। ਉਸ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਆਪਣੇ ਭਲੇ ਲਈ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਹੈ। **ਉਹ ਪਰਮੇਸ਼ੁਰ ਦੀ ਮਰਜ਼ੀ ਨੂੰ ਜਾਣਦੇ ਸਨ।**

ਪਰ **ਉਨ੍ਹਾਂ ਦੀ ਮਰਜ਼ੀ ਦੇ ਕਾਬੂ** ਦੇ ਲਈ ਇੱਕ **ਲੜਾਈ** ਸੀ ਅਤੇ ਉਨ੍ਹਾਂ ਨੇ ਸ਼ਤਾਨ ਦੇ ਝੂਠ ਉੱਤੇ **ਵਿਸ਼ਵਾਸ** ਕਰਨ ਦਾ **ਫੈਸਲਾ ਲਿਆ**। ਅਤੇ ਸਾਰੀ ਮਨੁੱਖ ਜਾਤੀ ਆਦਮ ਦੇ ਫੈਸਲੇ ਦੇ ਨਤੀਜਿਆਂ ਨੂੰ ਝੱਲ ਰਹੀ ਹੈ। 2 ਤਿਮੋਥਿਉਸ 2:26 . . . ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।

ਆਦਮ ਅਤੇ ਹੱਵਾਹ ਨੇ ਆਪਣੀ "**ਸੁਤੰਤਤਰ ਇੱਛਾ**" ਨਾਲ ਕੰਮ ਕਰਦੇ ਹੋਏ ਪਰਮੇਸ਼ੁਰ ਦੇ ਵਿਰੁੱਧ **ਵਿਦਰੋਹ ਕੀਤਾ** ਅਤੇ ਧਰਤੀ ਉੱਪਰਲੇ **ਆਪਣੇ ਅਧਿਕਾਰ ਨੂੰ ਸ਼ਤਾਨ ਨੂੰ ਦੇ ਦਿੱਤਾ**

- ਤਿੰਨ ਵਾਰ ਯਿਸੂ ਉਸ ਨੂੰ **ਇਸ ਜਗਤ ਦਾ ਸਰਦਾਰ** ਆਖਦਾ ਹੈ (ਯੂਹੰਨਾ 12:31; 14:30; 16:11)
- 1 ਯੂਹੰਨਾ 5:19 ਅਸੀਂ ਜਾਣਦੇ ਹਾਂ ਭਈ ਅਸੀਂ ਪਰਮੇਸ਼ੁਰ ਤੋਂ ਹਾਂ ਅਤੇ ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।

ਪਰ ਪਰਮੇਸ਼ੁਰ ਨੇ ਉਨ੍ਹਾਂ ਲਈ ਆਪਣੀਆਂ ਯੋਜਨਾਵਾਂ ਨੂੰ ਛੱਡਿਆ ਨਹੀਂ।
ਅਤੇ ਤੁਹਾਡੇ ਲਈ ਆਪਣੀਆਂ ਯੋਜਨਾਵਾਂ ਨੂੰ ਵੀ ਨਹੀਂ ਛੱਡੇਗਾ।

- ਯਸਾਯਾਹ 46:8-10 . . . ਮੈਂ ਪਰਮੇਸ਼ੁਰ ਹਾਂ . . . [10] **ਮੈਂ ਆਦ ਤੋਂ ਅੰਤ ਨੂੰ . . . ਦੱਸਦਾ ਹਾਂ, . . . ਮੇਰੀ ਸਲਾਹ ਕਾਇਮ ਰਹੇਗੀ**, ਅਤੇ **ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

ਉਤਪਤ 3:21 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਇਸਤਰੀ ਲਈ ਚਮੜੇ ਦੇ ਚੋਲੇ (ਇੱਕ ਬਲੀਦਾਨ ਅਤੇ ਲਹੂ ਵਹਾਇਆ ਗਿਆ ਸੀ) ਬਣਾਕੇ ਉਨ੍ਹਾਂ ਨੂੰ ਪਵਾਏ।

ਜੋ ਪਰਮੇਸ਼ੁਰ ਦਾ ਲੇਲਾ ਬਾਅਦ ਵਿੱਚ ਕਰੇਗਾ ਉਸ ਦੀ ਤਸਵੀਰ – ਉਨ੍ਹਾਂ ਦੇ ਪਾਪ ਨੂੰ ਢੱਕਣ ਲਈ ਅਤੇ ਜੋ ਆਦਮ ਤੋਂ ਜਨਮੇ ਹਨ ਉਨ੍ਹਾਂ ਦੇ ਪਾਪ ਨੂੰ ਢੱਕਣ ਲਈ।

ਪਰਮੇਸ਼ੁਰ ਦੀ ਮਰਜ਼ੀ ਸੀ ਅਤੇ ਅਖੀਰ ਪੂਰੀ ਕੀਤੀ ਜਾਵੇਗੀ।

ਪਰ – ਮਨੁੱਖ ਪਰਮੇਸ਼ੁਰ ਦੀ ਮਰਜ਼ੀ ਦੀ ਅਣ-ਆਗਿਆਕਾਰੀ ਕਰਨ ਦੇ ਦੁਆਰਾ ਆਪਣੇ ਜੀਵਨ ਵਿੱਚ ਵੱਡੀ ਬਿਪਤਾ ਅਤੇ ਬੰਧਨ ਲੈ ਆਇਆ। **ਅਤੇ ਅਸੀਂ ਵੀ ਇਸ ਤਰ੍ਹਾਂ ਹੀ ਕਰਦੇ ਹਾਂ।**

ਆਦਮ ਨੂੰ ਇੱਕ ਸੁਤੰਤਤਰ ਇੱਛਾ ਨਾਲ ਰਚਿਆ ਗਿਆ ਸੀ। ਪਰ ਜਦੋਂ ਉਸ ਨੇ ਪਾਪ ਕੀਤਾ **ਉਹ ਬੰਧਨ ਵਿੱਚ ਆ ਗਿਆ:** **ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ** (ਰੋਮੀਆਂ 6:16)

ਅਤੇ ਆਦਮ ਦੀ ਸੰਤਾਨ ਹੋਣ ਦੇ ਕਾਰਨ ਅਸੀਂ ਸਾਰੇ **ਬੰਧਨ ਵਿੱਚ ਜਨਮੇ, ਪਾਪ ਦੇ ਗੁਲਾਮ**।

ਅਫਸੀਆਂ 2:1-9 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ **ਮੁਰਦੇ** ਸਾਓ ਜਿਵਾਲਿਆ। [2] ਜਿਨ੍ਹਾਂ ਦੇ ਵਿੱਚ ਤੁਸੀਂ ਇਸ **ਸੰਸਾਰ ਦੇ ਵਿਹਾਰ** ਅਨੁਸਾਰ ਹਵਾਈ ਇਖ਼ਤਿਆਰ ਦੇ **ਸਰਦਾਰ** ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ **ਪੁੱਤਰਾਂ** ਵਿੱਚ ਅਸਰ ਕਰਦੀ ਹੈ [3] ਅਤੇ **ਉਨ੍ਹਾਂ ਵਿੱਚ** ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤਰ ਸਾਂ। [4] ਪਰੰਤੂ ਪਰਮੇਸ਼ੁਰ ਨੇ ਜਿਹੜਾ **ਦਯਾ ਦਾ ਧਨੀ** ਹੈ ਆਪਣੇ ਉਸ **ਵੱਡੇ ਪ੍ਰੇਮ** ਕਰਕੇ ਜਿਸ ਤੋਂ **ਉਹ ਨੇ ਸਾਡੇ ਨਾਲ ਪ੍ਰੇਮ ਕੀਤਾ**। [5] ਜਦੋਂ ਅਸੀਂ ਅਪਰਾਧਾਂ ਦੇ ਕਾਰਨ **ਮੁਰਦੇ** ਹੀ ਸਾਂ

- ਯਸਾਯਾਹ 46:10 **ਮੈਂ ਆਦ ਤੋਂ ਅੰਤ ਨੂੰ, . . . ਦੱਸਦਾ ਹਾਂ**, ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ, ਅਤੇ ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

- ਪਰਮੇਸ਼ੁਰ **ਤੁਹਾਡੇ ਵਿੱਚ ਮਨਸ਼ਾ** ਤੇ **ਅਮਲ** ਦੋਹਾਂ ਨੂੰ **ਆਪਣੇ ਨੇਕ ਇਰਾਦੇ** ਨੂੰ **ਪੂਰਾ ਕਰਨ ਲਈ ਪੈਦਾ ਕਰਦਾ ਹੈ।** ਫਿਲਿੱਪੀਆਂ 2:13 . . . . .

**ਤਦੋਂ ਸਾਨੂੰ** ਮਸੀਹ ਦੇ ਨਾਲ **ਜਿਵਾਲਿਆ** (**ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ**) [6] ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ। [7] ਭਈ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿੱਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿੱਚ **ਆਪਣੀ ਕਿਰਪਾ** ਦਾ ਬੇਹੱਦ ਧਨ ਉਜਾਗਰ ਕਰੇ। [8] ਕਿਉਂ ਜੋ **ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ** ਅਤੇ **ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ।** [9] ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।

ਅਤੇ ਜਦੋਂ ਅਸੀਂ **ਨਵਾਂ ਜਨਮ** ਪਾਉਂਦੇ ਹਾਂ ਤਾਂ **ਸਾਡੀ ਇੱਛਾ** ਪਾਪ ਦੇ ਬੰਧਨ ਤੋਂ **ਅਜ਼ਾਦ ਹੈ**, ਇਹ **ਚੋਣ** ਕਰਨ ਲਈ ਕਿ ਅਸੀਂ ਕਿਸ ਦੀ **ਸੇਵਾ** ਅਤੇ **ਆਗਿਆਕਾਰੀ** ਕਰਾਂਗੇ। ਇਸ ਲਈ ਜੇ ਪੁੱਤਰ ਤੁਹਾਨੂੰ ਅਜ਼ਾਦ ਕਰੇ ਤਾਂ ਠੀਕ ਤੁਸੀਂ ਅਜ਼ਾਦ ਹੋਵੋਗੇ (ਯੂਹੰਨਾ 8:36)।

ਹਾਲਾਂਕਿ, ਸ਼ਤਾਨ ਹਾਰ ਨਹੀਂ ਮੰਨਦਾ ਅਤੇ ਜਿਵੇਂ ਪਰਮੇਸ਼ੁਰ **ਤੁਹਾਡੇ ਵਿੱਚ ਮਨਸ਼ਾ** ਤੇ **ਅਮਲ** ਦੋਹਾਂ ਨੂੰ **ਆਪਣੇ ਨੇਕ ਇਰਾਦੇ** ਨੂੰ **ਪੂਰਾ ਕਰਨ ਲਈ ਪੈਦਾ ਕਰਦਾ ਹੈ,** ਸ਼ਤਾਨ ਵੀ ਸਾਨੂੰ "**ਉਸ ਦੇ** ਇਰਾਦੇ ਅਤੇ ਮਰਜ਼ੀ ਨਾਲ ਕੰਮ ਕਰਨ ਲਈ ਫੜਨ ਲਈ ਸਖਤ **ਮਿਹਨਤ** ਕਰਦਾ ਹੈ।

- ਅਫਸੀਆਂ 6:12 ਕਿਉਂ ਜੋ **ਸਾਡੀ ਲੜਾਈ** ਲਹੂ ਅਤੇ ਮਾਸ ਨਾਲ ਨਹੀਂ ਸਗੋਂ **ਹਕੂਮਤਾਂ, ਇਖਤਿਆਰਾਂ** ਅਤੇ ਇਸ ਅੰਧਘੋਰ ਦੇ **ਮਹਾਰਾਜਿਆਂ** ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।

ਇਹ ਮਨ ਦੇ ਅਤੇ ਮਨੁੱਖ ਦੀ ਇੱਛਾ ਦੇ ਕਾਬੂ ਲਈ ਰੋਜ਼ਾਨਾ ਦਾ ਯੁੱਧ ਹੈ।

ਯਹੋਸ਼ੁਆ ਨੇ ਪਰਮੇਸ਼ੁਰ ਦੀ ਪਰਜਾ ਨੂੰ ਆਖਿਆ (24:15) **ਅੱਜ** ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ . . . ਇਹ ਇੱਕ ਰੋਜ਼ ਦਾ ਫੈਸਲਾ ਹੈ

ਸਾਨੂ ਯਹੋਸ਼ੁਆ ਨਾਲ ਖੜ੍ਹੇ ਹੋਣਾ ਚਾਹੀਦਾ ਹੈ:

ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।

ਧਾਰਮਿਕਤਾ ਜਾਂ ਨੈਤਕਿਤਾ ਉਹ ਕਰਨਾ ਹੈ ਜੋ ਤੁਹਾਨੂੰ ਕਰਨਾ ਚਾਹੀਦਾ ਹੈ . . . ਉਹ ਨਹੀਂ ਜਿਸ ਨੂੰ ਕਰਨ ਲਈ ਤੁਸੀਂ ਅਜ਼ਾਦ ਹੋ। ਆਦਮ ਤੋਂ ਸਿੱਖੋ। ਉਸ ਦੀ ਸੁਤੰਤਤਰ ਇੱਛਾ ਉਸ ਨੂੰ ਬੰਧਨ ਵਿੱਚ ਲੈ ਗਈ। ਅਤੇ ਇਸ ਤਰ੍ਹਾਂ ਹੀ ਤੁਹਾਡੀ ਸੁਤੰਤਤਰ ਇੱਛਾ ਲੈ ਜਾਵੇਗੀ।

ਯਿਸੂ ਉਸ ਨੂੰ ਛੁਡਾਉਣ ਆਇਆ ਜੋ ਉਸ ਦਾ ਸੀ ਅਤੇ ਧਰਤੀ ਉੱਤੇ ਅਧਿਕਾਰ ਨੂੰ ਮੁੜ ਪ੍ਰਾਪਤ ਕਰਨ ਅਤੇ ਇਸ ਨੂੰ ਵਾਪਸ ਕਲੀਸਿਯਾ ਨੂੰ ਦੇਣ ਲਈ ਆਇਆ - ਉਸ ਦੇ "ਬੁਲਾਏ ਹੋਏ"।

ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। [19] ਇਸ ਲਈ ਤੁਸੀਂ ਜਾ ਕੇ (ਮੱਤੀ 28:18-19)

ਜਦੋਂ ਅਸੀਂ ਉਸ ਦੀ ਆਗਿਆ ਮੰਨਦੇ ਹਾਂ ਤਾਂ ਅਸੀਂ ਅਧੀਨ ਹੁੰਦੇ ਹਾਂ ਅਤੇ ਸਾਨੂੰ ਉਸ ਦਾ ਅਧਿਕਾਰ ਦਿੱਤਾ ਜਾਂਦਾ ਹੈ: ਵੇਖੋ **ਮੈਂ ਤੁਹਾਨੂੰ . . . ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ** ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। (ਲੂਕਾ 10:19)

- ਯਾਦ ਕਰੋ - ਤੁਹਾਡੇ ਕੋਲ ਤਦ ਹੀ ਅਧਿਕਾਰ ਹੈ ਜੇਕਰ ਤੁਸੀਂ ਅਧਿਕਾਰ ਦੇ ਅਧੀਨ ਹੋ।

- ਰੋਮੀ ਸੂਬੇਦਾਰ: ਮੱਤੀ 8:9 ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ **ਹੁਕਮ ਵਿੱਚ** ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ, ਜਾਹ! ਤਾਂ ਉਹ ਜਾਂਦਾ ਹੈ ਅਤੇ . . .

ਇਸ **ਕਾਰਨ** ਸਾਨੂੰ ਦੱਸਿਆ ਗਿਆ ਹੈ:
ਸੋ ਤੁਸੀਂ ਇਸ ਬਿਧ ਨਾਲ **ਪ੍ਰਾਰਥਨਾ ਕਰੋ**,— ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ (ਆਦਰ ਦਿੱਤਾ ਜਾਵੇ, ਸਤਿਕਾਰ ਕੀਤਾ ਜਾਵੇ) ਜਾਵੇ, [10] **ਤੇਰਾ ਰਾਜ ਆਵੇ**, (ਉਸ ਦਾ ਰਾਜ ਉੱਥੇ ਹੈ, ਜਿੱਥੇ ਉਸ ਦੀ ਆਗਿਆ ਮੰਨੀ ਜਾਂਦੀ ਹੈ) **ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ **ਹੋਵੇ**। ਮੱਤੀ 6:9-10

- ਅਸੀਂ ਇਸ ਨੂੰ ਪੜ੍ਹ ਸਕਦੇ ਹਾਂ ਜਾ ਆਖ ਸਕਦੇ ਹਾਂ ਪਰ ਤਦ ਤੱਕ ਇਹ ਪ੍ਰਾਰਥਨਾ ਨਹੀਂ ਹੈ ਜਦੋਂ ਤੱਕ ਅਸੀਂ ਗੰਭੀਰ ਨਹੀਂ ਹਾਂ।

- ਇਹ ਸਾਨੂੰ "ਅਧਿਕਾਰ ਦੇ ਅਧੀਨ" ਰੱਖਦਾ ਹੈ ਜੋ ਸਾਨੂੰ ਅਧਿਕਾਰ ਦਿੰਦਾ ਹੈ।

ਇਹ ਵਿਖਾਉਂਦਾ ਹੈ ਕਿ ਧਰਤੀ ਉੱਤੇ ਜੋ ਕੁਝ ਹੁੰਦਾ ਹੈ ਉਸ ਦੇ ਸਬੰਧ ਵਿੱਚ, ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਨੇ ਆਪਣੇ ਨਿਯੁਕਤ ਕੀਤੇ ਅਤੇ ਠਹਿਰਾਏ ਹੋਏ ਰਾਜਦੂਤਾਂ ਦੁਆਰਾ ਕੰਮ ਕਰਨ ਨੂੰ ਚੁਣਿਆ, ਉਸ ਦੀ ਕਲੀਸਿਯਾ – ਤੁਸੀਂ ਅਤੇ ਮੈਂ।

ਯਿਸੂ ਸਾਡੀ ਉਦਾਹਰਣ ਹੈ:

ਯੂਹੰਨਾ 6:38 ਕਿਉਂਕਿ ਮੈਂ ਸੁਰਗੋਂ ਉੱਤਰਿਆ ਹਾਂ **ਇਸ ਲਈ ਨਹੀਂ ਜੋ ਆਪਣੀ ਮਰਜ਼ੀ** ਸਗੋਂ ਉਹ ਦੀ **ਮਰਜ਼ੀ** ਦੇ ਅਨੁਸਾਰ ਚੱਲਾਂ ਜਿਹ ਨੇ ਮੈਨੂੰ ਘੱਲਿਆ।

ਯਿਸੂ ਪਰਮੇਸ਼ੁਰ ਦੀ ਇੱਛਾ ਇਸ ਦੁਆਰਾ ਜਾਣਨ ਲਈ ਆਇਆ:

ਯੂਹੰਨਾ 5:19 ਉਪਰੰਤ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਪੁੱਤਰ ਆਪ ਤੋਂ ਕੁਝ ਨਹੀਂ ਕਰ ਸੱਕਦਾ** ਪਰ **ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ** ਹੈ ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ **ਪੁੱਤਰ ਵੀ ਓਵੇਂ ਹੀ ਕਰਦਾ** ਹੈ। ਦਰਸ਼ਣ ਅਤੇ ਸੁਫ਼ਨੇ ਵੇਖਦਾ ਹੈ

ਅਤੇ ਪ੍ਰਾਰਥਨਾ / ਸੰਗਤੀ / ਸੁਣਨ ਦੇ ਦੁਆਰਾ

ਯੂਹੰਨਾ 5:30 ਮੈਂ ਆਪ ਕੁਝ ਨਹੀਂ ਕਰ ਸੱਕਦਾ। **ਜਿਹਾ ਮੈਂ ਸੁਣਦਾ ਹਾਂ** ਤਿਹਾ ਹੀ ਨਿਆਉਂ ਕਰਦਾ ਹਾਂ ਅਰ ਮੇਰਾ ਨਿਆਉਂ ਸੱਚਾ ਹੈ ਕਿਉਂ ਜੋ **ਮੈਂ ਆਪਣੀ ਮਰਜ਼ੀ ਨਹੀਂ ਭਾਲਦਾ** ਪਰ **ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ**।

- **ਮੈਂ ਆਪ ਤੋਂ ਕੁਝ ਨਹੀਂ ਕਰ ਸਕਦਾ** **ਪੂਰਾ ਸਮਰਪਣ।**

  ਅਤੇ ਨਾ ਹੀ ਅਸੀਂ: ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ **ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।** (ਯੂਹੰਨਾ 15:5) ਕੁਝ ਨਹੀਂ ਜੋ ਪਿਤਾ ਨੂੰ ਭਾਉਂਦਾ ਹੈ। ਰਾਜ ਦੀ ਕੀਮਤ ਦਾ ਕੁਝ ਵੀ ਰਹਿਣ ਵਾਲਾ ਨਹੀਂ।

- **ਜਿਹਾ ਮੈਂ ਸੁਣਦਾ ਹਾਂ ਤਿਹਾ ਹੀ ਨਿਆਉਂ ਕਰਦਾ ਹਾਂ** ਜਦੋਂ ਤੱਕ ਤੁਸੀਂ ਸੁਣਦੇ ਹੋ . . . ਕੋਈ ਨਿਆਉਂ ਨਹੀਂ।
  ਜ਼ਬੂਰ 5:3 ਹੇ ਯਹੋਵਾਹ, **ਤੂੰ ਅੰਮ੍ਰਿਤ ਵੇਲੇ ਮੇਰੀ ਅਵਾਜ਼ ਸੁਣੇਂਗਾ**, ਅੰਮ੍ਰਿਤ ਵੇਲੇ ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ।

  ਹਬੱਕੂਕ 2:1-2 ਮੈਂ ਆਪਣੇ ਪਹਿਰੇ ਉੱਤੇ ਖਲੋਵਾਂਗਾ, ਅਤੇ ਬੁਰਜ ਉੱਤੇ ਖੜਾ ਰਹਾਂਗਾ, ਅਤੇ ਤੱਕਾਂਗਾ ਭਈ ਮੈਂ ਵੇਖਾਂ ਕਿ **ਉਹ ਮੈਨੂੰ ਕੀ ਆਖੇ**, ਅਤੇ ਮੈਂ ਆਪਣੇ ਉਲਾਹਮੇ ਦਾ ਕੀ ਉੱਤਰ ਦਿਆਂ। ਤਾਂ ਯਹੋਵਾਹ ਨੇ ਮੈਨੂੰ ਉੱਤਰ ਦਿੱਤਾ . . .

- **ਮੈਂ ਆਪਣੀ ਮਰਜ਼ੀ ਨਹੀਂ ਭਾਲਦਾ**
  ਓ ਮੇਰੇ ਰੱਬਾ! ਇਹ ਮੁੱਖ ਮਸਲਾ ਅਤੇ ਸਭ ਤੋਂ ਵੱਡੀ ਸਮੱਸਿਆ ਹੈ।
  ਕਿੰਨੀ ਵਾਰ ਅਕਸਰ ਅਸੀਂ ਸੱਚਮੁੱਚ ਇਹ ਆਖਣ ਦੇ ਯੋਗ ਹੁੰਦੇ ਹਾਂ? ਇਹ ਸਾਡਾ ਮੁੱਖ ਟੀਚਾ ਹੋਣਾ ਚਾਹੀਦਾ ਹੈ।

- **ਪਰ ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ।**
  ਇਹ ਯਿਸੂ ਨੂੰ (ਅਤੇ ਸਾਨੂੰ) ਅਧਿਕਾਰ ਦੇ ਅਧੀਨ ਰੱਖਦਾ ਹੈ - ਉਸ ਨੂੰ ਅਧਿਕਾਰ ਦੇਣਾ।

ਸਾਡੀ ਮੁਕਤ ਮਰਜ਼ੀ ਸਾਡੀ ਸਮੱਸਿਆ ਹੈ

ਕਿਉਂਕਿ ਅਜੇ ਵੀ ਸਾਡਾ ਗਿਰਿਆ ਹੋਇਆ ਸੁਭਾਉ ਹੈ।

ਅਤੇ ਇਹ ਹੈ ਜਿੱਥੇ **ਫਿਲਿੱਪੀਆਂ** 2:12–13 ਸਾਡੀ ਇਹ ਸਮਝਣ ਵਿੱਚ ਸਹਾਇਤਾ ਕਰਦੀ ਹੈ ਕਿ ਪਰਮੇਸ਼ੁਰ ਮਨੁੱਖ ਦੀ ਸੁਤੰਤਤਰ ਇੱਛਾ ਦਾ ਆਦਰ ਕਿਵੇਂ ਕਰਦਾ ਹੈ ਅਤੇ ਇਸ ਨਾਲ ਕਿਵੇਂ ਕੰਮ ਕਰਦਾ ਹੈ।

ਫਿਲਿੱਪੀਆਂ 2:12-13 ਇਸ ਲਈ, ਹੇ ਮਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ **ਆਪਣੀ ਮੁਕਤੀ ਦਾ ਕੰਮ ਨਿਬਾਹੋ**। [13] ਕਿਉਂ **ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**

- **ਆਪਣੀ ਮੁਕਤੀ ਦਾ ਕੰਮ ਨਿਬਾਹੋ:**
  ਇਹ ਪੁਸ਼ਟੀ ਕਰਦਾ ਹੈ ਕਿ **ਮਨੁੱਖ ਅਜ਼ਾਦ ਹੈ** ਅਤੇ ਇਸ ਲਈ **ਸਾਡੀ ਜ਼ਿੰਮੇਵਾਰੀ** ਹੈ ਕਿ ਅਸੀਂ "ਆਪਣੀ ਮੁਕਤੀ ਦਾ ਕੰਮ ਕਰੀਏ"। ਇਹ ਪਰਮੇਸ਼ੁਰ ਸਾਡੇ ਲਈ ਨਹੀਂ ਕਰਦਾ ਹੈ।

  ਪੌਲੁਸ **ਵਿਸ਼ਵਾਸੀਆਂ** ਨਾਲ ਗੱਲ ਕਰਦਾ ਹੈ ਕਿ ਇਹ ਸਦੀਪਕ ਜੀਵਨ ਦੀ ਮੁਕਤੀ **ਨਹੀਂ** ਹੈ ਜਿਸ ਲਈ ਅਸੀਂ "ਕੰਮ ਕਰਨਾ" ਹੈ। ਉਹ ਯਿਸੂ ਮਸੀਹ ਦੇ **ਪੂਰੇ ਕੀਤੇ** ਗਏ ਕੰਮ ਉੱਤੇ ਵਿਸ਼ਵਾਸ ਅਤੇ ਭਰੋਸਾ ਕਰਨ ਦੁਆਰਾ ਪੱਕੀ ਹੈ ਅਤੇ ਨਾ ਕਿ ਸਾਡੇ ਵੱਲੋਂ ਕੀਤੇ ਕਿਸੇ ਕੰਮ ਦੁਆਰਾ।

  ਤੀਤੁਸ 3:5 ਤਾਂ **ਉਸ ਨੇ** ਉਨ੍ਹਾਂ ਧਰਮ ਦੇ **ਕਰਮਾਂ ਕਰਕੇ ਨਹੀਂ** ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ **ਸਾਨੂੰ ਬਚਾਇਆ।**
  2 ਤਿਮੋਥਿਉਸ 1:9 ਜਿਸ **ਸਾਨੂੰ ਬਚਾਇਆ** ਅਤੇ ਪਵਿੱਤਰ ਸੱਦੇ ਨਾਲ ਸੱਦਿਆ, ਸਾਡੀਆਂ ਕਰਨੀਆਂ ਦੇ ਅਨੁਸਾਰ **ਨਹੀਂ** ਸਗੋਂ **ਆਪਣੀ ਮਨਸ਼ਾ** ਦੇ ਅਤੇ ਉਸ ਕਿਰਪਾ ਦੇ ਅਨੁਸਾਰ ਜਿਹੜੀ . . . ਸਨਾਤਨ ਸਮਿਆਂ ਤੋਂ ਸਾਡੇ ਉੱਤੇ ਕੀਤੀ ਗਈ।

  ਜਿਸ ਮੁਕਤੀ ਦੇ ਕੰਮ ਨੂੰ ਅਸੀਂ ਕਰਨਾ ਹੈ ਉਹ **ਰੋਜ਼ਾਨਾ ਦੀ ਮੁਕਤੀ** ਹੈ ਜਾਂ **ਸੰਸਾਰ**, **ਸਰੀਰ** ਅਤੇ **ਸ਼ਤਾਨ** ਦੇ ਉੱਤੇ **ਜਿੱਤ** ਹੈ।

  ਨਵੇਂ ਨੇਮ ਵਿੱਚ ਮੁਕਤੀ ਦੇ ਤਿੰਨ ਸਤਰ ਹਨ:

  1. ਅਸੀਂ ਬਚਾਏ ਜਾ ਚੁੱਕੇ ਹਾਂ: ਭੂਤਕਾਲ, ਪੂਰਾ ਕੀਤਾ ਕੰਮ, ਯਿਸੂ ਮਸੀਹ ਅਤੇ ਉਸ ਦੇ ਬਹਾਏ ਗਏ ਲਹੂ ਦੇ ਉੱਤੇ ਵਿਸ਼ਵਾਸ ਕਰਨ ਦੁਆਰਾ ਪਾਪ ਦੀ ਸਜ਼ਾ ਤੋਂ ਪੂਰਾ ਕੀਤਾ ਗਿਆ ਕੰਮ।

  2. ਅਸੀਂ ਬਚਾਏ ਜਾ ਰਹੇ ਹਾਂ: ਪਪਾ ਦੀ ਸ਼ਕਤੀ ਤੋਂ ਹਰ ਰੋਜ਼ ਜਦੋਂ ਅਸੀਂ ਆਪਣੀ ਚੁੱਕਦੇ ਹਾਂ ਅਤੇ ਪਰਮੇਸ਼ੁਰ ਦੇ ਮਗਰ ਚੱਲਦੇ ਹਾਂ ਅਤੇ ਆਗਿਆਕਾਰੀ ਕਰਦੇ ਹਾਂ। (ਲੂਕਾ 9:23; 1 ਕੁਰਿੰਥੀਆਂ 1:18)

  3. ਅਸੀਂ ਭਵਿੱਖ ਦੇ ਵਿੱਚ ਪਾਪ ਦੀ ਹਜ਼ੂਰੀ ਤੋਂ ਬਚਾਏ ਜਾਵਾਂਗੇ, ਜਾਂ ਤਾਂ ਮੌਤ ਜਾਂ ਪ੍ਰਭੂ ਦੇ ਆਉਣ ਦੇ ਦੁਆਰਾ।

ਇੱਥੇ ਕੁਝ ਰਾਹ ਹਨ ਜਿੰਨਾ ਦੁਆਰਾ ਅਸੀਂ "ਆਪਣੀ ਮੁਕਤੀ ਦਾ ਕੰਮ ਕਰਨਾ" ਹੈ:
ਅਫਸੀਆਂ 4:1, 15, 17, 22-24 ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਜੋਗ ਚਾਲ ਚੱਲੋ। (15) ਪ੍ਰੇਮ ਨਾਲ

ਸੱਚ ਕਮਾਉਂਦਿਆਂ ਹੋਇਆਂ (17) ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੀ ਬੁੱਧ ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ। (22-24) ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਅਤੇ ਆਪਣੇ ਮਨ ਦੇ ਸੁਭਾਉ ਵਿੱਚ ਨਵੇਂ ਬਣੋ (6:11) ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਧਾਰੋ . . . (14-18) ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨਕੇ ਅਤੇ ਮਿਲਾਪ ਦੀ ਖੁਸ਼ ਖ਼ਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ! ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ . . . ਲੈ ਲਵੋ . . . ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ **ਅਤੇ ਤੁਸੀਂ ਇਹ ਹੋਵੋਗੇ** (3:17) **ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ** [18] ਤੁਸੀਂ ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੋ ਭਈ ਕਿੰਨੀ ਹੀ ਚੁੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ [19] ਅਤੇ **ਮਸੀਹ ਦੇ ਪ੍ਰੇਮ** ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ **ਜਾਣ ਸੱਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।**

- ਅਤੇ ਅਸੀਂ ਇਹ ਕਰਨਾ ਹੈ: **ਡਰਦੇ ਅਤੇ ਕੰਬਦੇ ਹੋਏ**
  ਇਹ ਮੰਨਦੇ ਹੋਏ ਕਿ **ਜੇਕਰ ਅਸੀਂ** "ਆਪਣੀ ਮੁਕਤੀ ਦਾ ਕੰਮ" **ਨਹੀਂ ਕਰਦੇ** ਤਾਂ **ਸਾਡੇ ਦੁਸ਼ਮਣ - ਸੰਸਾਰ. ਸਰੀਰ** ਅਤੇ **ਸ਼ਤਾਨ** - ਤੁਹਾਨੂੰ ਜਿੱਤ ਲੈਣਗੇ, **ਤੁਹਾਡਾ ਚਾਨਣ** ਮੱਧਮ ਹੋ ਜਾਵੇਗਾ ਅਤੇ ਤੁਹਾਡਾ ਜੀਵਨ ਗੈਰ ਪ੍ਰਭਾਵਸ਼ਾਲੀ ਅਤੇ ਸਮੱਸਿਆ ਨਾਲ ਭਰਿਆ ਹੋਇਆ ਹੋ ਜਾਵੇਗਾ। ਅਤੇ ਫਿਰ ਉਸ **ਲੇਖੇ** ਦੇ ਬਾਰੇ ਸੋਚੋ ਜੋ ਤੁਸੀਂ ਉਸ ਨੂੰ ਦੇਣਾ ਹੈ ਜਿਸ ਦੇ ਆਤਮਾ ਨੂੰ ਤੁਸੀਂ ਦੁੱਖੀ ਕੀਤਾ ਹੈ ਅਤੇ ਜਿਸ ਦੀ ਮਹਿਮਾ ਨੂੰ ਤੁਸੀਂ ਧਰਤੀ ਉੱਤੇ ਪਰਗਟ ਨਹੀਂ ਕੀਤਾ। (2 ਕੁਰਿੰਥੀਆਂ 5:10)

- **ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਪੈਦਾ ਕਰਦਾ ਹੈ:**
  ਉਹ ਤੁਹਾਡੇ ਵਿੱਚ ਕੰਮ ਕਰਦਾ ਹੈ! ਉਹ ਹਰ ਵਿਸ਼ਵਾਸੀ ਵਿੱਚ ਕੰਮ ਕਰਦਾ ਹੈ।
  ਉਸ ਕੋਲ ਤੁਹਾਡੇ ਜੀਵਨ ਲਈ ਅਦਭੁਤ ਯੋਜਨਾ ਹੈ। **ਪਵਿੱਤਰ ਆਤਮਾ** "ਤੁਹਾਡੇ ਵਿੱਚ" **ਉਸ ਦੇ ਮਕਸਦ ਨੂੰ ਪੂਰਾ ਕਰਨ ਲਈ** ਕੰਮ ਕਰਦਾ ਹੈ - ਤੁਹਾਨੂੰ ਬਰਕਤ ਦੇਣ ਲਈ, ਅਤੇ ਦੂਸਰਿਆਂ ਨੂੰ ਤੁਹਾਡੇ ਦੁਆਰਾ / ਇੱਕ ਪਵਿੱਤਰ ਜੀਵਨ ਜੀਉਣ ਲਈ / ਉਸ ਦੇ ਬਚਨ ਨੂੰ ਬੋਲਣ ਲਈ / ਅਤੇ "ਵੱਡੇ ਕੰਮ" ਕਰਨ ਲਈ।

- **ਮਨਸ਼ਾ ਅਤੇ ਅਮਲ ਦੋਹਾਂ ਨੂੰ:**
  ਤੁਹਾਡੇ ਇਹ ਕਰਨ ਲਈ (1) ਇਹ **ਜਾਣਨ** ਲਈ ਕਿ ਤੁਹਾਨੂੰ **ਕੀ** ਕਰਨਾ ਚਾਹੀਦਾ ਹੈ, **ਪਰਮੇਸ਼ੁਰ ਦੀ ਮਰਜ਼ੀ ਨੂੰ ਜਾਣਨਾ** ਅਤੇ ਫਿਰ (2) ਉਹ **ਤੁਹਾਨੂੰ ਇਹ ਕਰਨ ਲਈ ਸਮਰੱਥਾ** ਦਿੰਦਾ ਹੈ - ਪਵਿੱਤਰ ਆਤਮਾ। ਤੁਹਾਡੇ ਨਾਲ ਧੱਕਾ ਨਹੀਂ ਕਰਦਾ, ਪਰ **ਤੁਹਾਡੀ ਮਰਜ਼ੀ ਨੂੰ ਉਸ ਦੀ ਮਰਜ਼ੀ ਵਿੱਚ ਪੈਦਾ ਕਰਨ** ਲਈ ਤੁਹਾਨੂੰ ਉਤਸ਼ਾਹਿਤ ਕਰਦਾ ਹੈ ਅਤੇ ਤੁਹਾਡੀ ਅਗਵਾਈ ਕਰਦਾ ਹੈ।

  ਪਰ ਤੁਹਾਡੀ ਇੱਛਾ ਦਾ **ਕਾਬੂ**, ਇਸ ਨੂੰ ਕਰਨ ਦਾ **ਫੈਸਲਾ**, ਅਤੇ ਫਿਰ ਇਸ ਨੂੰ **ਕਰਨ** ਲਈ ਵਿਸ਼ਵਾਸ ਦੇ **ਕਦਮ, ਤੁਹਾਡੇ ਵੱਲੋਂ ਆਉਂਦੇ ਹਨ।** ਪਰਮੇਸ਼ੁਰ ਤੁਹਾਨੂੰ **ਉਸ ਦੀ ਇੱਛਾ ਦੀ ਚੋਣ ਕਰਨ** ਲਈ ਉਤਸ਼ਾਹਿਤ ਕਰਦਾ ਹੈ, ਅਤੇ ਤੁਹਾਨੂ ਉਹ **ਕਰਨ ਲਈ ਸਮਰੱਥਾ** ਦਿੰਦਾ ਹੈ ਜੋ ਉਹ ਚਾਹੁੰਦਾ ਹੈ, ਅਤੇ ਫਿਰ **ਸਾਨੂੰ ਜ਼ਰੂਰ** ਉਸ ਦੀ ਸਮਰੱਥਾ ਦੇ ਦੁਆਰਾ **ਕੰਮ ਕਰਨਾ** ਚਾਹੀਦਾ ਹੈ।

  **ਸਮੱਸਿਆ ਇਹ ਹੈ**: ਮਨੁੱਖ ਕੋਲ ਫੈਸਲੇ ਲੈਣ ਲਈ ਆਪਣੀ **ਸੁਤੰਤਤਰ ਇੱਛਾ** ਹੈ। ਅਤੇ ਜ਼ਿਆਦਾਤਰ ਸਾਡੇ ਫੈਸਲੇ **ਸਾਡੀਆਂ ਸਰੀਰਕ ਇੱਛਾਵਾਂ** ਤੋਂ ਪ੍ਰੇਰਿਤ ਹੁੰਦੇ ਹਨ। ਜਾਂ ਮੇਰੇ ਬਹੁਤ ਜ਼ਿਆਦਾ ਸੀਮਿਤ ਅਤੇ ਭ੍ਰਿਸ਼ਟ ਮਨ ਤੋਂ।

ਪਰਮੇਸ਼ੁਰ ਦੇ ਸਾਡੇ ਵਿੱਚ ਕੰਮ ਕਰਨ ਤੋਂ ਬਿਨ੍ਹਾਂ, ਅਸੀਂ ਉਸ ਦੀ ਇੱਛਾ ਨੂੰ ਜਾਣਾਂਗੇ ਨਹੀਂ ਜਾਂ ਪੂਰਾ ਨਹੀਂ ਕਰਾਂਗੇ। ਘੱਟੋ ਘੱਟ ਸਹੀ ਕਾਰਨ ਦੇ ਲਈ ਨਹੀਂ।

**ਕੰਮ ਕਰਨ ਦੀ ਸਮਰੱਥਾ** ਤੋਂ ਬਿਨ੍ਹਾਂ, ਮਨੁੱਖ **ਕੁਝ ਵੀ ਨਹੀਂ ਕਰ ਸਕਦਾ** ਹੋ ਰਾਜ ਲਈ ਫਲਦਾਇਕ ਹੈ: ਯੂਹੰਨਾ 15:5 ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ **ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।**

ਜਿਵੇਂ ਯਿਸੂ ਨੇ ਕਿਹਾ: ਮੇਰਾ ਭੋਜਨ ਇਹੋ ਹੈ ਜੋ ਆਪਣੇ ਭੇਜਣ ਵਾਲੇ ਦੀ **ਮਰਜ਼ੀ ਉੱਤੇ ਚੱਲਾਂ** ਅਰ **ਉਹ ਦਾ ਕੰਮ** ਸੰਪੂਰਣ ਕਰਾਂ। (ਯੂਹੰਨਾ 4:34) ਸਾਨੂੰ ਉਸ ਸਥਾਨ ਉੱਤੇ ਆਉਣ ਦੀ ਲੋੜ ਹੈ ਜਿੱਥੇ ਅਸੀਂ ਇਮਾਨਦਾਰੀ ਨਾਲ ਇਹ ਆਖ ਸਕਦੇ ਹਾਂ: **ਮੇਰੇ ਜੀਵਨ ਦਾ ਟੀਚਾ ਉਸ ਦੀ ਮਰਜ਼ੀ ਅਤੇ ਉਸ ਦੇ ਕੰਮ ਨੂੰ ਪੂਰਾ ਕਰਨਾ ਹੈ।**

ਫਿਲਿੱਪੀਆਂ 2:13 ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ **ਆਪਣੇ ਨੇਕ ਇਰਾਦੇ ਨੂੰ** ਪੂਰਾ ਕਰਨ ਲਈ ਪੈਦਾ ਕਰਦਾ ਹੈ।
ਯਿਸੂ ਨੇ ਕੀਤਾ: ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ? ਕਿਉਂ ਜੋ **ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।** ਯੂਹੰਨਾ 8:29

ਸਾਡਾ ਪਿਤਾ ਇੱਕ ਪਰਿਵਾਰ ਨੂੰ ਚਾਹੁੰਦਾ ਹੈ ਜੋ ਅਜ਼ਾਦੀ ਨਾਲ **ਉਸ ਦੇ ਵੱਡੇ ਪਿਆਰ ਲਈ ਪ੍ਰਤੀਕਿਰਿਆ ਕਰੇ** ਅਤੇ ਆਪਣੇ ਜੀਵਨ ਵਿੱਚ **ਉਸ ਨੂੰ ਪ੍ਰਸੰਨ ਕਰਨ** ਨੂੰ ਪਹਿਲ ਦੇਵੇ ਅਤੇ ਸਭ ਤੋਂ ਉੱਪਰ ਰੱਖੇ।

ਅਤੇ ਇਸ ਦੇ ਹੋਣ ਲਈ ਅਸੀਂ ਉਸ ਦੇ ਵੱਡੇ ਪਿਆਰ ਦੁਆਰਾ **ਫੜੇ ਜਾਣੇ** ਅਤੇ **ਮਜ਼ਬੂਰ ਕੀਤੇ ਜਾਣੇ** ਚਾਹੀਦੇ ਹਾਂ।

ਜਿਵੇਂ 2 ਕੁਰਿੰਥੀਆਂ 5:14 ਆਖਦਾ ਹੈ: **ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ **ਭਈ** ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ **ਆਪਣੇ ਲਈ ਨਹੀਂ** ਸਗੋਂ **ਉਹ ਦੇ ਲਈ ਜੀਉਣ** ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।

> ਅਤੇ ਇਹ "ਗਿਰੇ ਹੋਏ" ਭ੍ਰਿਸ਼ਟ, ਦੁਰਾਚਾਰੀ ਮਨੁੱਖ ਦੇ ਵਿੱਚ ਕਦੇ ਨਹੀਂ ਹੋਵੇਗਾ, ਜੇਕਰ ਪਰਮੇਸ਼ੁਰ ਜੋ ਪਿਆਰ ਹੈ ਉਹ ਇਹ ਨਾ ਕਰੇ . . . **ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**
>
> ਸਾਨੂੰ ਪਵਿੱਤਰ ਆਤਮਾ ਦੀ ਉਸ ਅੰਦਰੂਨੀ ਅਵਾਜ਼ ਦੀ **ਆਗਿਆਕਾਰੀ** ਕਰਨੀ ਚਾਹੀਦੀ ਹੈ ਅਤੇ ਫਿਰ **"ਆਪਣੀ ਮੁਕਤੀ ਦੇ ਕੰਮ ਨੂੰ ਕਰਨਾ ਚਾਹੀਦਾ ਹੈ"**।

ਕੁਲੁੱਸੀਆਂ 1:10 ਤਾਂ ਜੋ ਤੁਸੀਂ ਅਜਿਹੀ **ਜੋਗ** ਚਾਲ ਚੱਲੋ ਜਿਹੜੀ ਪ੍ਰਭੂ ਨੂੰ **ਹਰ ਤਰਾਂ ਨਾਲ ਭਾਵੇ** ਅਤੇ ਹਰੇਕ **ਸ਼ੁਭ ਕਰਮ** ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

पर ज਼रूरी नहीं है कि इह असान है:

ਯਿਸੂ ਨੇ ਆਪਣੀ ਇੱਛਾ ਅਤੇ ਪਿਤਾ ਦੀ ਇੱਛਾ ਦੇ ਵਿਚਕਾਰ ਵੱਡੇ ਤਣਾਓ ਅਤੇ ਸੰਘਰਸ਼ ਦਾ ਅਨੁਭਵ ਕੀਤਾ।

ਲੂਕਾ 22:44 ਅਤੇ ਉਹ ਮਹਾਂ ਕਸ਼ਟ ਵਿੱਚ ਪੈ ਕੇ ਮਨੋਂ ਤਨੋਂ ਪ੍ਰਾਰਥਨਾ ਕਰਨ ਲੱਗਾ ਅਰ ਉਹ ਦਾ ਮੁੜ੍ਹਕਾ ਲਹੂ ਦੀਆਂ ਬੂੰਦਾਂ ਵਾਂਙੁ ਭੁੰਞੇਂ ਡਿਗਦਾ ਸੀ।

ਮੱਤੀ 26:38-42 ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, ਮੇਰਾ ਜੀ **ਬਹੁਤ ਉਦਾਸ** ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੇ
ਠਹਿਰੋ ਅਤੇ ਮੇਰੇ ਨਾਲ **ਜਾਗਦੇ ਰਹੋ**। [39] ਅਰ ਥੋੜਾ ਅੱਗੇ ਵਧ ਕੇ ਮੂੰਹ ਭਾਰ ਪੈ ਗਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ, ਹੇ
ਮੇਰੇ ਪਿਤਾ, ਜੇ ਹੋ ਸੱਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ। [40]
ਅਤੇ ਚੇਲਿਆਂ ਦੇ ਕੋਲ ਆਣ ਕੇ ਉਨ੍ਹਾਂ ਨੂੰ ਸੁੱਤੇ ਹੋਏ ਵੇਖਿਆ ਅਤੇ ਪਤਰਸ ਨੂੰ ਆਖਿਆ, ਇਹ ਕੀ, ਤੁਹਾਥੋਂ ਮੇਰੇ ਨਾਲ ਇੱਕ ਘੜੀ
ਵੀ ਨਾ ਜਾਗ ਹੋਇਆ? [41] **ਜਾਗੋ** ਅਤੇ **ਪ੍ਰਾਰਥਨਾ ਕਰੋ** ਜੋ **ਤੁਸੀਂ ਪਰਤਾਵੇ ਵਿੱਚ ਨਾ ਪਓ**। ਆਤਮਾ ਤਾਂ ਤਿਆਰ ਹੈ ਪਰ ਸਰੀਰ
ਕਮਜ਼ੋਰ ਹੈ। (ਗਲਾਤੀਆਂ 5:16–17) [42] ਫੇਰ ਉਹ ਦੂਈ ਵਾਰ ਗਿਆ ਅਤੇ ਏਹ ਕਹਿ ਕੇ ਉਹ ਨੇ ਪ੍ਰਾਰਥਨਾ ਕੀਤੀ, ਹੇ ਮੇਰੇ
ਪਿਤਾ, ਜੇ ਇਹ ਮੇਰੇ ਪੀਣ ਬਿਨਾਂ ਨਹੀਂ ਟਲ ਸੱਕਦਾ ਤਾਂ **ਤੇਰੀ ਮਰਜ਼ੀ ਹੋਵੇ**। ਸਮਰਪਣ!

ਇਹ ਇਸ ਦੀ **ਚੰਗੀ ਉਦਾਹਰਣ** ਹੈ ਕਿ ਸਾਨੂੰ ਕਿਵੇਂ **ਆਪਣੀ ਮਰਜ਼ੀ ਦਾ ਵਿਰੋਧ ਕਰਨ ਲਈ** ਅਤੇ "ਪਰਮੇਸ਼ੁਰ ਦੀ ਮਰਜ਼ੀ" ਅਨੁਸਾਰ ਚੱਲਣ ਲਈ **ਲੜਾਈ ਲੜਨੀ** ਚਾਹੀਦੀ ਹੈ, ਜਦੋਂ ਉਹ ਸਾਡੇ ਵਿੱਚ ਸਾਨੂੰ ਤਾਗੀਦ ਕਰਦੇ ਹੋਏ ਸਾਨੂੰ ਉਤਸ਼ਾਹਿਤ ਕਰਦੇ ਹੋਏ ਕੰਮ ਕਰਦਾ ਹੈ। **ਯਿਸੂ ਨੇ ਇਸ ਲੜਾਈ ਨੂੰ ਬਹੁਤ ਦੁੱਖ ਦੇਣ ਵਾਲੀ ਪ੍ਰਾਰਥਨਾ ਦੁਆਰਾ ਜਿੱਤਿਆ।**

ਇਸ ਲਈ, ਕੀ ਇਹ ਕੋਈ ਚਮਤਕਾਰ ਹੈ ਜੋ ਯਿਸੂ ਨੇ ਕਿਹਾ: ਸੋ ਤੁਸੀਂ ਇਸ ਬਿਧ ਨਾਲ **ਪ੍ਰਾਰਥਨਾ ਕਰੋ**,— ਹੇ ਸਾਡੇ
ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ (ਆਦਰ ਕੀਤਾ ਜਾਵੇ, ਸਤਿਕਾਰ ਕੀਤਾ ਜਾਵੇ) ਜਾਵੇ, [10]
**ਤੇਰਾ ਰਾਜ ਆਵੇ**, (ਉਸ ਦਾ ਰਾਜ ਉੱਥੇ ਹੈ ਜਿੱਥੇ ਉਸ ਦੀ ਆਗਿਆ ਮੰਨੀ ਜਾਂਦੀ ਹੈ) **ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ
ਪੂਰੀ ਹੁੰਦੀ ਹੈ ਜਮੀਨ ਉੱਤੇ ਵੀ **ਹੋਵੇ**। ਮੱਤੀ 6:9-10

ਇਹ ਦੱਸਦਾ ਹੈ ਕਿ ਆਪਣੇ ਦਿਨ ਦੀ ਸ਼ੁਰੂਆਤ **ਪ੍ਰਾਰਥਨਾ** ਨਾਲ ਕਰਨਾ ਉਹ ਸਥਾਨ ਹੈ ਜਿੱਥੇ **ਜਿੱਤ ਸ਼ੁਰੂ ਹੁੰਦੀ ਹੈ** (ਮਰਕੁਸ 1:35)। ਮੇਰੀ ਇੱਛਾ ਨੂੰ ਉਸ ਦੀ ਇੱਛਾ ਦੇ ਵਿੱਚ **ਲਾਉਣਾ** ਅਤੇ ਪ੍ਰਾਰਥਨਾ ਕਰਨਾ - ਦਿਨ ਭਰ ਉਸ ਦੇ ਨਾਲ ਸੰਗਤੀ ਵਿੱਚ ਰਹਿਣਾ . . .

"ਪ੍ਰਭੂ ਮੇਰੀ ਇੱਛਾ ਨਹੀਂ ਤੇਰੀ ਇੱਛਾ। ਤੇਰੀ ਇੱਛਾ ਪੂਰੀ ਹੋਵੇ"।

ਇੱਥੇ ਤੁਹਾਡੀ ਇੱਛਾ ਕੀ ਹੈ? ਤੁਹਾਡੇ ਕੋਲ ਮੇਰੇ ਕਰਨ ਲਈ ਕੀ ਹੋਵੇਗਾ?

**ਆਪਣੀ ਇੱਛਾ ਦਾ ਸਮਰਪਣ ਕਰਨਾ** ਬਹੁਤ ਅਸਾਨ ਹੈ ਜਦੋਂ ਮੈਂ ਇਹ ਯਾਦ ਕਰਦਾ ਹਾਂ:

1. ਹੇ ਪ੍ਰਭੂ, ਤੂੰ **ਭਲਾ** ਤੇ ਦਯਾਲੂ ਹੈਂ (ਜ਼ਬੂਰ 86:5) ਅਤੇ ਸਭ ਜੋ ਉਹ ਕਰਦਾ ਹੈ ਭਲਾ ਹੈ।

2. ਪਰਮੇਸ਼ੁਰ ਮੈਨੂੰ ਪਿਆਰ ਕਰਦਾ ਹੈ ਅਤੇ ਮੇਰੇ ਜੀਵਨ ਲਈ ਉਸ ਕੋਲ ਅਦਭੁਤ ਯੋਜਨਾ ਹੈ:
   ਯਿਰਮਿਯਾਹ 29:11 ਮੈਂ ਤਾਂ ਆਪਣੀਆਂ **ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ** ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, **ਸ਼ਾਂਤੀ** ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ **ਛੇਕੜ** ਨੂੰ **ਆਸ** ਦੁਆਵਾਂ।

   ਰੋਮੀਆਂ 8:28 ਅਸੀਂ ਜਾਣਦੇ ਹਾਂ ਭਈ ਜਿਹੜੇ **ਪਰਮੇਸ਼ੁਰ** ਨਾਲ **ਪ੍ਰੇਮ** ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ **ਭਲਾ ਕਰਦੀਆਂ** ਹਨ ਅਰਥਾਤ ਓਹਨਾਂ ਦਾ ਜਿਹੜੇ **ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ** ਸੱਦੇ ਹੋਏ ਹਨ।

3. ਯੂਹੰਨਾ 10:10 ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ।

ਇਹ ਜਾਣਦੇ ਹੋਏ, ਅਸੀਂ **ਮੂਰਖ** ਹੋਵਾਂਗੇ ਜੇਕਰ ਅਸੀਂ ਆਪਣੇ ਜੀਵਨ ਲਈ ਪਰਮੇਸ਼ੁਰ ਦੀ ਯੋਜਨਾ ਤੋਂ ਵਧਕੇ **ਆਪਣੇ ਰਾਹ** ਨੂੰ ਚੁਣਦੇ ਅਤੇ ਮਹੱਤਤਾ ਦਿੰਦੇ ਹਾਂ। ਪਰ ਅਸੀਂ ਮੂਰਖ ਲੋਕ ਹਾਂ।

ਅਤੇ ਖਾਸ ਕਰਕੇ ਜਦੋਂ ਇਸ ਨੂੰ ਵੇਖਦੇ ਹਾਂ: . . . ਮਨੁੱਖ **ਜੋ ਕੁਝ** ਬੀਜਦਾ ਹੈ **ਸੋਈਓ ਵੱਢੇਗਾ ਭੀ**। [8] ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ **ਬਿਨਾਸ** ਨੂੰ ਵੱਢੇਗਾ ਗਲਾਤੀਆਂ 6:7-8

ਸ਼ਾਡੇ ਫੈਸਲਿਆਂ ਦੇ ਨਤੀਜੇ ਹਨ

ਸਭ ਤੋਂ ਵਧਕੇ ਯਿਸੂ ਦੀ ਪ੍ਰਾਰਥਨਾ ਸਾਡੀ ਲਗਾਤਾਰ ਪ੍ਰਾਰਥਨਾ ਹੋਣੀ ਚਾਹੀਦੀ ਹੈ:

ਹੇ ਮੇਰੇ ਪਿਤਾ, ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ - ਤੇਰੀ ਮਰਜ਼ੀ ਹੋਵੇ - ਤੇਰਾ ਰਾਜ ਆਵੇ।

ਅਤੇ ਕਿਉਂਕਿ ਹੁਣ **ਇੱਛਾ ਦੀ ਸਮਰੱਥਾ** ਅਤੇ **ਕਰਨ ਦੀ ਸਮਰੱਥਾ** ਨਾਲ **ਪਰਮੇਸ਼ੁਰ ਤੁਹਾਡੇ ਵਿੱਚ ਕੰਮ ਕਰਦਾ ਹੈ**, ਇਹ ਸਾਡਾ ਫ਼ਰਜ਼ ਹੈ ਅਤੇ **ਸਾਡੀ ਜ਼ਿੰਮੇਵਾਰੀ** ਹੈ ਕਿ **ਅਸੀਂ ਆਪਣੀ ਮੁਕਤੀ ਦੇ ਕੰਮ ਨੂੰ ਕਰਨ** ਲਈ **ਫੈਸਲਾ** ਕਰੀਏ ਅਤੇ **ਕੰਮ** ਕਰੀਏ। **ਸਾਡੀ ਇੱਛਾ** ਦੀ ਸਮਰੱਥਾ ਦਾ **ਕਾਬੂ** ਅਤੇ **ਵਰਤੋਂ** ਅਤੇ **ਕੰਮ** ਸਾਡੇ ਹਨ। ਇੱਛਾ ਕਰਨ ਅਤੇ ਕੰਮ ਕਰਨ ਦੀ **ਜ਼ਿੰਮੇਵਾਰੀ** ਸਾਡੀ ਹੈ।

ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ ਹਾਂ। 1 ਕੁਰਿੰਥੀਆਂ 3:9

**ਉਹ ਆਪਣਾ ਹਿੱਸਾ ਕਰਦਾ ਹੈ**, ਫਿਰ ਸਾਨੂੰ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ ਅਤੇ **ਆਪਣਾ ਹਿੱਸਾ ਕਰਨਾ ਚਾਹੀਦਾ ਹੈ।**

**ਉਸ ਦੇ ਚੇਲੇ** ਉਸ ਦੇ ਨਾਲ ਸਨ, ਉਸ ਦੇ ਮਗਰ ਚੱਲਦੇ ਸਨ, ਉਸ ਦੀ ਸੁਣਦੇ ਸਨ, ਉਸ ਦੇ ਰਾਹਾਂ ਨੂੰ ਸਿੱਖਦੇ ਸਨ, ਉਹ **"ਪਰਮੇਸ਼ੁਰ ਦੀ ਇੱਛਾ ਨੂੰ ਜਾਣਦੇ"** ਸਨ ਕਿਉਂਕਿ ਉਸ ਨੇ ਉਨ੍ਹਾਂ ਨੂੰ ਦੱਸਿਆ। ਉਹ ਸਾਨੂੰ ਪ੍ਰਾਰਥਨਾ (ਉਸ ਦੇ ਨਾਲ ਗੱਲਬਾਤ) ਅਤੇ ਆਪਣੇ ਬਚਨ ਦੁਆਰਾ ਦੱਸਦਾ ਹੈ:

ਮਰਕੁਸ 16:15-20 ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ **ਪਰਚਾਰ ਕਰੋ**। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ **ਕੱਢਣਗੇ**, ਓਹ ਨਵੀਆਂ ਨਵੀਆਂ **ਬੋਲੀਆਂ** ਬੋਲਣਗੇ, ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ **ਪੀ ਲੈਣ** ਤਾਂ **ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ**। ਓਹ ਰੋਗੀਆਂ ਉੱਤੇ **ਹੱਥ ਰੱਖਣਗੇ** ਤਾਂ **ਓਹ ਚੰਗੇ ਹੋ ਜਾਣਗੇ।**

ਉਨ੍ਹਾਂ ਨੇ ਆਗਿਆਕਾਰੀ ਕੀਤੀ ਅਤੇ ਅਗਲੀ ਆਇਤ ਆਖਦੀ ਹੈ:

ਅਤੇ **ਉਨ੍ਹਾਂ ਨੇ ਬਾਹਰ ਜਾ ਕੇ** ਹਰ ਥਾਂ ਪਰਚਾਰ ਕੀਤਾ ਅਤੇ **ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ** ਅਰ **ਬਚਨ ਨੂੰ ਉਨ੍ਹਾਂ ਨਿਸ਼ਾਨਿਆਂ ਦੇ ਰਾਹੀਂ** ਜਿਹੜੇ ਨਾਲ ਨਾਲ ਹੁੰਦੇ ਸਨ **ਸਾਬਤ ਕਰਦਾ ਸੀ**। ਮਰਕੁਸ 16:20

- ਪਰਮੇਸ਼ੁਰ ਨੇ ਇੱਛਾ ਲਈ ਅਤੇ ਆਪਣੇ ਨੇਕ ਇਰਾਦੇ ਲਈ ਕੰਮ ਕਰਨ ਲਈ ਉਨ੍ਹਾਂ ਵਿੱਚ ਕੰਮ ਕੀਤਾ, ਉਨ੍ਹਾਂ ਨੇ ਬਾਹਰ ਜਾ ਕੇ – ਆਪਣਾ ਹਿੱਸਾ ਕੀਤਾ ਅਤੇ – ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਨੂੰ ਉਨ੍ਹਾਂ ਨਿਸ਼ਾਨਿਆਂ ਦੇ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ ਕੇਵਲ ਉਹ ਕਰਦੇ ਹੋਏ ਜੋ ਉਹ ਕਰ ਸਕਦਾ ਹੈ।

- **"ਆਪਣੀ ਮੁਕਤੀ ਦੇ ਕੰਮ ਨੂੰ ਕਰਨ"** ਲਈ **ਪਹਿਲਾ ਕਦਮ "ਵਿਸ਼ਵਾਸ"** ਕਰਨਾ ਹੈ। ਪਰਮੇਸ਼ੁਰ ਇਹ ਤੁਹਾਡੇ ਵਿੱਚ ਆਪਣੀ ਇੱਛਾ ਨੂੰ ਪੂਰਾ ਕਰਨ ਲਈ ਕਰਦਾ ਹੈ – ਵਿਸ਼ਵਾਸ। (2 ਪਤਰਸ 1:1)

- ਦੂਸਰਾ ਅਤੇ ਅਗਲੇ ਕਦਮਾਂ ਦਾ ਇਸ ਦੁਆਰਾ ਸੰਖੇਪ ਕੀਤਾ ਜਾ ਸਕਦਾ ਹੈ:
  ਲੂਕਾ 9:23 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ (ਆਪਣੀ ਮਰਜ਼ੀ) ਦਾ ਇਨਕਾਰ **ਕਰੇ** ਅਤੇ **ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।**

ਆਪਣੀ ਸਲੀਬ ਨੂੰ ਚੁੱਕਣਾ ਇਹ ਹੈ: **ਆਪਣੀਆਂ ਇੱਛਾਵਾਂ ਤੋਂ ਮਰਨਾ** ਅਤੇ **ਉਸ ਦੀ ਇੱਛਾ ਨੂੰ "ਹਾਂ" ਆਖਣਾ।**

ਰੋਮੀਆਂ 12:1-2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ** ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ **ਚੜ੍ਹਾਵੋ**, *ਇਹ* ਤੁਹਾਡੀ ਰੂਹਾਨੀ ਬੰਦਗੀ ਹੈ। [2] ਅਤੇ ਇਸ ਜੁੱਗ ਦੇ ਰੂਪ ਜੇਹੇ **ਨਾ ਬਣੋ** ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ **ਬਦਲਦੇ ਜਾਓ ਤਾਂ ਜੋ** ਤੁਸੀਂ **ਸਿਆਣ ਲਵੋ** ਭਈ **ਪਰਮੇਸ਼ੁਰ ਦੀ** ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ **ਇੱਛਿਆ** ਕੀ ਹੈ।

- ਉਸ ਦੀ ਇੱਛਾ ਨੂੰ ਜਾਣਨ ਲਈ – ਸਾਡੇ ਮਨ ਨਵੇਂ ਕੀਤੇ ਜਾਣੇ ਚਾਹੀਦੇ ਹਨ!

1 ਕੁਰਿੰਥੀਆਂ 2:14 ਪਰ **ਪ੍ਰਾਣਿਕ ਮਨੁੱਖ** ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ **ਕਬੂਲ ਨਹੀਂ ਕਰਦਾ** ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ **ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ** ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ।

ਯਸਾਯਾਹ 55:8-9 ਕਿਉਂ ਜੋ **ਮੇਰੇ ਖਿਆਲ ਤੁਹਾਡੇ ਖਿਆਲ ਨਹੀਂ**, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ ਵਾਕ ਹੈ। [9] ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ **ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।**

ਉਸ ਦੀ ਇੱਛਾ ਨੂੰ ਜਾਣਨ ਲਈ ਸਾਨੂੰ ਵੀ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਉਸ ਦੇ ਚੇਲਿਆਂ ਨੇ ਕੀਤਾ, ਸਾਨੂੰ ਉਸ ਦੇ ਨੇੜੇ ਹੋ ਕੇ ਉਸ ਨਾਲ ਚੱਲਣਾ ਚਾਹੀਦਾ ਹੈ, ਉਸ ਦੇ ਨਾਲ ਗੂੜੇ ਸਬੰਧ ਵਿੱਚ, ਉਸ ਦੀ ਇੱਛਾ ਨੂੰ ਸੁਣਦੇ ਅਤੇ ਸਿੱਖਦੇ ਹੋਏ ਅਤੇ ਇਸ ਨੂੰ ਮੰਨਦੇ ਹੋਏ ਅਤੇ ਕਰਦੇ ਹੋਏ, ਅਤੇ **ਪ੍ਰਭੂ ਸਾਡੇ ਨਾਲ ਹੋ ਕੇ ਕੰਮ ਕਰੇਗਾ**, ਅਤੇ ਆਪਣੇ ਬਚਨ ਨੂੰ ਨਿਸ਼ਾਨਿਆਂ ਦੇ ਨਾਲ ਸਾਬਤ ਕਰੇਗਾ ਜੋ ਨਾਲ ਨਾਲ ਹੁੰਦੇ ਹਨ।

ਕਿਉਂ?

ਫਿਲਿੱਪੀਆਂ 2:15 ਆਪਣੇ ਨੇਕ ਇਰਾਦੇ ਨੂੰ . . . ਭਈ ਤੁਸੀਂ ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ ਪਰਮੇਸ਼ੁਰ ਦੇ **ਨਿਰਮਲ** ਬਾਲਕ **ਬਣੇ ਰਹੋ** ਜਿਨ੍ਹਾਂ ਦੇ ਵਿੱਚ ਤੁਸੀਂ ਜਗਤ ਉੱਤੇ **ਜੋਤਾਂ ਵਾਂਙੁ** ਦਿੱਸਦੇ ਹੋ

ਜਿਵੇਂ ਯਿਸੂ ਨੇ ਆਖਿਆ: ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ **ਸਦਾ** ਓਹ ਕੰਮ ਕਰਦਾ ਹਾਂ ਜਿਹੜੇ **ਉਸ ਨੂੰ ਭਾਉਂਦੇ ਹਨ**। (ਯੂਹੰਨਾ 8:29)

ਸਾਰੀਆਂ ਚੀਜ਼ਾਂ ਤੋਂ ਵਧਕੇ ਮੈਨੂੰ ਪ੍ਰਸੰਨ ਕਰਨ ਨੂੰ ਭਾਲੋ। ਜਦੋਂ ਤੁਸੀਂ ਅੱਜ ਦਾ ਦਿਨ ਗੁਜ਼ਾਰਦੇ ਹੋ, ਤੁਹਾਡੇ ਰਾਹ ਵਿੱਚ ਬਹੁਤ ਸਾਰੇ ਚੋਣ ਕਰਨ ਦੇ ਬਿੰਦੂ ਆਉਣਗੇ। ਦਿਨ ਦੇ ਬਹੁਤ ਸਾਰੇ ਫੈਸਲੇ ਛੋਟੇ ਹੋਣਗੇ ਜੋ ਤੁਹਾਨੂੰ ਝੱਟ ਹੀ ਕਰਨੇ ਹੋਣਗੇ। ਤੁਹਾਨੂੰ ਕੁਝ ਨਿਯਮਾਂ ਦੀ ਲੋੜ ਹੈ ਤਾਂ ਕਿ ਤੁਸੀਂ ਚੰਗੀਆਂ ਚੋਣਾਂ ਕਰ ਸਕੋ। ਬਹੁਤ ਸਾਰੇ ਲੋਕਾਂ ਦੇ ਫੈਸਲੇ ਉਨ੍ਹਾਂ ਦੇ ਆਦਤਨ ਪ੍ਰਤੀ ਉੱਤਰ ਅਤੇ ਆਪਣੇ ਆਪ ਜਾਂ ਦੂਸਰਿਆਂ ਨੂੰ ਪ੍ਰਸੰਨ ਕਰਨ ਲਈ ਇੱਛਾਵਾਂ ਦਾ ਸੁਮੇਲ ਹੁੰਦੇ ਹਨ। ਤੁਹਾਡੇ ਲਈ ਮੇਰਾ ਰਾਹ ਇਹ ਨਹੀਂ ਹੈ। ਮੈਨੂੰ ਸਾਰੀਆਂ ਗੱਲਾਂ ਵਿੱਚ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰੋ, ਕੇਵਲ ਵੱਡੇ ਫੈਸਲਿਆਂ ਵਿੱਚ ਹੀ ਨਹੀਂ। ਇਹ ਉਸ ਹੱਦ ਤੱਕ ਹੀ ਸੰਭਵ ਹੈ ਜਿੰਨਾ ਤੁਸੀਂ ਮੇਰੇ ਨਾਲ ਸੰਗਤ ਵਿੱਚ ਨੇੜੇ ਹੋ ਕੇ ਰਹਿੰਦੇ ਹੋ। ਜਦੋਂ ਮੇਰੀ ਹਜ਼ੂਰੀ ਤੁਹਾਡੀ ਸਭ ਤੋਂ ਜ਼ਿਆਦਾ ਗਹਿਰੀ ਖੁਸ਼ੀ ਹੁੰਦੀ ਹੈ, ਤਾਂ ਤੁਸੀਂ ਸੁਭਾਵਿਕ ਤੌਰ 'ਤੇ ਜਾਣਦੇ ਹੋ ਕਿ ਮੈਨੂੰ ਕੀ ਭਾਉਂਦਾ ਹੈ। ਸਹੀ ਚੋਣ ਕਰਨ ਲਈ ਜਿਸ ਸਭ ਦੀ ਤੁਹਾਨੂੰ ਲੋੜ ਹੈ, ਉਹ ਮੇਰੇ ਵੱਲ ਇੱਕ ਨਜ਼ਰ ਹੈ। *ਆਪਣੇ ਆਪ ਨੂੰ ਮੇਰੇ ਵਿੱਚ* ਜ਼ਿਆਦਾ ਤੋਂ ਜ਼ਿਆਦਾ *ਖੁਸ਼ ਕਰੋ*, ਜੋ ਕੁਝ ਤੁਸੀਂ ਕਰਦੇ ਹੋ ਉਸ ਵਿੱਚ ਮੇਰੇ ਅਨੰਦ ਨੂੰ ਭਾਲੋ।

ਯੂਹੰਨਾ 8:29 ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।

ਇਬਰਾਨੀਆਂ 11:5-6 ਨਿਹਚਾ ਨਾਲ ਹਨੋਕ ਉਤਾਹਾਂ ਚੁੱਕਿਆ ਗਿਆ ਭਈ ਮੌਤ ਨਾ ਵੇਖੇ ਅਤੇ ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ੁਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ ਕਿਉਂ ਜੋ ਉਹ ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ ਭਈ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਹੈ। ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ।

ਜ਼ਬੂਰ 37:4 ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਿਆਂ ਕਰੇਗਾ।

---

ਇੱਥੇ ਸਾਡੇ ਸਮਝਣ ਲਈ ਇੱਕ ਉਦਾਹਰਣ ਹੈ

1 ਸਮੂਏਲ 14:6-11 ਤਦ **ਯੋਨਾਥਾਨ** ਨੇ ਉਸ ਜੁਆਨ ਨੂੰ ਜੋ ਉਹ ਦੇ ਸ਼ਸਤ੍ਰ ਚੁੱਕਦਾ ਸੀ ਆਖਿਆ, ਚੱਲ ਅਸੀਂ ਉੱਥੇ
ਉਨ੍ਹਾਂ ਅਸੁੰਨਤੀਆਂ ਦੀ ਚੌਂਕੀ ਵੱਲ ਚੱਲੀਏ। **ਕੀ ਜਾਣੀਏ** ਜੋ ਯਹੋਵਾਹ **ਸਾਡੇ ਲਈ ਕੰਮ ਸੁਆਰੇ** ਕਿਉਂ ਜੋ ਯਹੋਵਾਹ ਅੱਗੇ
ਕੁਝ ਔਖ ਨਹੀਂ ਜੋ ਬਹੁਤਿਆਂ ਨਾਲ ਛੁਟਕਾਰਾ ਕਰੇ ਯਾ ਥੋੜਿਆਂ ਨਾਲ। 7 ਉਹ ਦੇ ਸ਼ਸਤ੍ਰ ਚੁੱਕਣ ਵਾਲੇ ਨੇ ਉਹ ਨੂੰ
ਆਖਿਆ, **ਜੋ ਤੁਹਾਡੇ ਮਨ ਵਿੱਚ ਹੈ ਸੋ ਕਰੋ। ਤੁਰੋ ਅਤੇ ਵੇਖੋ, ਮੈਂ ਤਾਂ ਤੁਹਾਡੇ** ਮਨ ਦੇ ਅਨੁਸਾਰ ਤੁਹਾਡੇ **ਨਾਲ ਹੀ ਹਾਂ**। 8
ਤਦ ਯੋਨਾਥਾਨ ਬੋਲਿਆ, ਵੇਖ, ਅਸੀਂ ਉਨ੍ਹਾਂ ਲੋਕਾਂ ਕੋਲ ਪਾਰ ਲੰਘ ਕੇ ਉਨ੍ਹਾਂ ਕੋਲ ਆਪ ਨੂੰ ਪਰਗਟ ਕਰਾਂਗੇ। 9 ਅਤੇ ਜੇ
ਓਹ ਸਾਨੂੰ ਇਹ ਆਖਣ, ਜਦ ਤੋੜੀ ਅਸੀਂ ਤੁਹਾਡੇ ਕੋਲ ਨਾ ਆਈਏ ਠਹਿਰ ਜਾਓ ਤਾਂ ਅਸੀਂ ਆਪਣੇ ਥਾਂ ਖਲੋਤੇ ਰਹਾਂਗੇ
ਅਰ ਉਨ੍ਹਾਂ ਕੋਲ ਨਾ ਚੜ੍ਹਾਂਗੇ। 10 ਪਰ ਜੇ ਉਹ ਐਉਂ ਆਖਣ, ਸਾਡੇ ਕੋਲ ਚੜ੍ਹ ਆਓ ਤਾਂ ਅਸੀਂ ਚੜ੍ਹਾਂਗੇ ਕਿਉਂ ਜੋ
ਯਹੋਵਾਹ ਨੇ ਉਨ੍ਹਾਂ ਨੂੰ ਸਾਡੇ ਹੱਥ ਸੌਂਪ ਦਿੱਤਾ ਅਤੇ ਇਹ ਸਾਡੇ ਲਈ ਇੱਕ ਨਿਸ਼ਾਨੀ ਹੋਵੇਗੀ।

- ਇੱਥੇ ਇੱਕ ਮਨੁੱਖ ਹੈ ਜਿਸ ਦਾ ਵੱਡਾ ਵਿਸ਼ਵਾਸ ਅਤੇ ਭਰੋਸਾ ਪਰਮੇਸ਼ੁਰ ਉੱਤੇ ਹੈ। ਉਹ ਜਾਣਦਾ ਹੈ ਕਿ ਕੀ ਸਹੀ ਹੈ ਅਤੇ ਕੀ ਧਰਮ ਹੈ, ਉਹ ਪਰਮੇਸ਼ੁਰ ਦੀ ਆਮ ਯੋਜਨਾ ਅਤੇ ਵਾਅਦੇ ਨੂੰ ਜਾਣਦਾ ਹੈ, ਅਤੇ ਉਹ ਇਸ ਲਈ ਲੜਨ ਲਈ ਤਿਆਰ ਹੈ।

- ਇਹ "**ਪੁੱਤਰਪਣ**" ਹੈ ਪਿਤਾ ਦੇ ਦਿਲ ਨੂੰ ਜਾਣਨਾ। ਇੱਕ ਬੱਚਾ ਇੱਕ ਸੇਵਕ ਦੇ ਵਾਂਗ ਹੈ – ਆਪਣੇ ਪਿਤਾ ਦੇ ਦਿਲ ਦੀਆਂ ਇੱਛਾਵਾਂ ਨੂੰ ਨਹੀਂ ਜਾਣਦਾ।

ਗਲਾਤੀਆਂ 4:1 ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ ਬਾਲਕ ਹੈ ਉਸ ਵਿੱਚ ਅਤੇ ਗੁਲਾਮ ਵਿੱਚ ਕੁਝ ਭਿੰਨ ਭੇਤ ਨਹੀਂ ਭਾਵੇਂ ਉਹ ਸਭ ਦਾ ਮਾਲਕ ਹੈ।

1 ਕੁਰਿੰਥੀਆਂ 3:1-4 . . . ਮਸੀਹ ਵਿੱਚ ਨਿਆਣੇ ਹਨ। ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਵਾਇਆ . . .

1 ਕੁਰਿੰਥੀਆਂ 13:11 ਜਦ ਮੈਂ ਨਿਆਣਾ ਸਾਂ ਤਦ ਨਿਆਣੇ ਵਾਂਙੁ **ਬੋਲਦਾ**, ਨਿਆਣੇ ਵਾਂਙੁ **ਸਮਝਦਾ** ਅਤੇ ਨਿਆਣੇ ਵਾਂਙੁ **ਜਾਚਦਾ** ਸਾਂ। ਹੁਣ ਮੈਂ ਸਿਆਣਾ ਜੋ ਹੋਇਆ ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ।

- ਕੀ ਜਾਣੀਏ ਜੋ ਯਹੋਵਾਹ ਸਾਡੇ ਲਈ ਕੰਮ ਸੁਆਰੇ – ਸਾਡੀ ਯੋਜਨਾ ਪਰਮੇਸ਼ੁਰ ਦੀ ਇੱਛਾ ਹੋ ਸਕਦੀ ਹੈ ਜਾਂ ਨਹੀਂ। ਪਰ ਸਾਨੂੰ ਜਾਣਨ ਦੀ ਲੋੜ ਹੈ, ਸਾਨੂੰ ਖੋਜ ਕਰਨ ਦੀ ਲੋੜ ਹੈ। ਯੋਨਾਥਾਨ ਦੇ ਵਾਂਗ, **ਸਾਨੂੰ ਵੀ** ਪਰਮੇਸ਼ੁਰ ਦੀ ਇੱਛਾ ਦੀ ਖੋਜ ਕਰਨ ਲਈ **"ਵਿਸ਼ਵਾਸ ਦੇ ਕਦਮ" ਲੈਣ ਲਈ ਤਿਆਰ ਅਤੇ ਇੱਛੁਕ ਹੋਣਾ ਚਾਹੀਦਾ ਹੈ।** ਜੋਖ਼ਮ ਉਠਾਉਣ ਲਈ ਇੱਛੁਕ।

- ਉਹ ਦੇ ਸ਼ਸਤ੍ਰ ਚੁੱਕਣ ਵਾਲੇ ਨੇ ਉਹ ਨੂੰ ਆਖਿਆ, **ਜੋ ਤੁਹਾਡੇ ਮਨ ਵਿੱਚ ਹੈ ਸੋ ਕਰੋ –** ਤੁਹਾਡਾ ਮਨ ਨਹੀਂ। ਉਹ ਜਾਣਦਾ ਸੀ ਕਿ ਪਰਮੇਸ਼ੁਰ "ਉਨ੍ਹਾਂ ਸਭਨਾਂ ਦੇ ਦਿਲਾਂ ਨੂੰ ਉਹੋ ਰਚਦਾ ਹੈ" (ਜ਼ਬੂਰ 33:15) ਆਪਣੇ ਦਿਲ ਦੇ ਅਨੁਸਾਰ ਕੰਮ ਕਰਨਾ ਮਨ ਦੇ ਅਨੁਸਾਰ ਕਰਨ ਨਾਲੋਂ ਕਿਤੇ ਬੇਹਤਰ ਹੈ।

  ਪਰਮੇਸ਼ੁਰ ਤੁਹਾਡੇ "**ਪੱਥਰ ਦੇ ਦਿਲ**" ਨੂੰ ਬਦਲਦਾ ਹੈ ਅਤੇ ਸਾਨੂੰ **ਨਵਾਂ ਦਿਲ ਅਤੇ ਨਵਾਂ ਆਤਮਾ** ਦਿੰਦਾ ਹੈ, ਜਦੋਂ ਅਸੀਂ ਨਵਾਂ ਜਨਮ ਪਾਉਂਦੇ ਹਾਂ (ਹਿਜ਼ਕੀਏਲ 36:26)।

- ਅਜੇ ਵੀ ਆਪਣੇ ਦਿਲ ਦੇ ਅਨੁਸਾਰ ਚੱਲਦੇ ਹੋਏ, ਯੋਨਾਥਾਨ ਨੇ ਨਤੀਜੇ ਦੀ ਪੁਸ਼ਟੀ ਕਰਨ ਲਈ ਇੱਕ ਯੋਜਨਾ ਬਣਾਈ। ਕੁਝ ਵੀ ਹੋਵੇ ਇਹ ਜੋਖ਼ਮ ਭਰਿਆ ਸੀ ਅਤੇ ਇਸ ਵਿੱਚ ਯੁੱਧ ਸ਼ਾਮਲ ਸੀ। ਜੇਕਰ ਉਹ ਆਖਦੇ "ਅਸੀਂ ਤੁਹਾਡੇ ਲੋਕ ਹੇਠਾਂ ਆਵਾਂਗੇ" ਤਾਂ ਨਤੀਜਾ ਪੱਕਾ ਨਹੀਂ ਸੀ।

- ਪਰ "ਜੋ ਸਭ ਉਸ ਦੇ ਦਿਲ ਵਿੱਚ ਸੀ" ਉਸ ਅਨੁਸਾਰ ਚੱਲਦੇ ਹੋਏ, ਪਰਮੇਸ਼ੁਰ ਦੇ ਵਾਅਦਿਆਂ ਨੂੰ ਜਾਣਦੇ ਹੋਏ ਅਤੇ ਜੋਖ਼ਮ ਉਠਾਉਣ ਦੀ ਇੱਛਾ ਕਰਦੇ ਹੋਏ, ਇੱਕ ਵੱਡੀ ਜਿੱਤ ਪ੍ਰਾਪਤ ਕੀਤੀ ਗਈ।

ਇੱਥੇ ਇੱਕ ਉਦਾਹਰਣ ਹੈ ਜਿੱਥੇ ਇੱਕ ਨਜ਼ਦੀਕੀ ਮਿੱਤਰ, ਇੱਥੋਂ ਤੱਕ ਕਿ ਪਰਮੇਸ਼ੁਰ ਦਾ ਨਬੀ ਵੀ ਗਲਤ ਸੀ।

1 ਇਤਹਾਸ 17:1-4 ਅਜਿਹਾ ਹੋਇਆ ਕਿ ਜਦ **ਦਾਊਦ** ਆਪਣੇ ਮਹਿਲ ਵਿੱਚ ਟਿਕਿਆ, ਤਾਂ ਦਾਊਦ ਨੇ **ਨਾਥਾਨ** ਨਬੀ
ਨੂੰ ਆਖਿਆ, ਵੇਖ, ਮੈਂ ਤਾਂ ਦਿਆਰ ਦੀ ਲੱਕੜ ਦੇ ਬਣਾਏ ਹੋਏ ਮਹਿਲ ਦੇ ਵਿੱਚ ਰਹਿੰਦਾ ਹਾਂ ਪਰ ਯਹੋਵਾਹ ਦੇ ਨੇਮ ਦਾ
ਸੰਦੂਕ ਪੜਦਿਆਂ ਦੇ ਹੇਠ ਹੈ। 2 ਤਾਂ ਨਾਥਾਨ ਨੇ ਦਾਊਦ ਨੂੰ ਆਖਿਆ ਕਿ **ਜੋ ਕੁਝ ਤੇਰਾ ਮਨੋਰਥ ਹੈ ਸੋ ਕਰ ਕਿਉਂ ਜੋ**
**ਪਰਮੇਸ਼ੁਰ ਤੇਰੇ ਸੰਗ ਹੈ।** 3 ਅਰ ਉਸੇ ਰਾਤ ਅਜਿਹਾ ਹੋਇਆ, ਜੋ ਪਰਮੇਸ਼ੁਰ ਦੀ ਬਾਣੀ ਨਾਥਾਨ ਨੂੰ ਆਈ। 4 ਕਿ ਤੂੰ
ਜਾਹ, ਅਰ ਮੇਰੇ ਦਾਸ ਦਾਊਦ ਨੂੰ ਆਖ ਭਈ ਯਹੋਵਾਹ ਇਹ ਆਖਦਾ ਹੈ, ਤੂੰ ਮੇਰੇ ਨਿਵਾਸ ਲਈ ਕੋਈ ਭਵਨ ਨਾ ਬਣਾ।

- ਦਾਊਦ ਨੂੰ ਪਰਮੇਸ਼ੁਰ ਲਈ ਅਣਖ ਸੀ, ਉਹ ਪਰਮੇਸ਼ੁਰ ਦੀ ਇੱਛਾ ਨੂੰ ਜਾਣਦਾ ਸੀ, ਕੀ ਕੀਤਾ ਜਾਣਾ ਚਾਹੀਦਾ ਸੀ। ਉਹ ਇੱਕ "**ਪੁੱਤਰ**" ਸੀ, ਪਰ **ਉਹ ਇਸ ਨੂੰ ਕਰਨ ਵਾਲਾ ਵਿਅਕਤੀ ਨਹੀਂ ਸੀ।**

- ਹੋ ਸਕਦਾ ਹੈ ਅਸੀਂ ਪਰਮੇਸ਼ੁਰ ਨੂੰ **ਜਾਣਦੇ** ਹੋਈਏ, ਪਰ ਸਾਨੂੰ ਇਹ **ਜਾਣਨ** ਦੀ ਵੀ ਲੋੜ ਹੈ ਕਿ ਕੀ ਮੈਂ ਇਸ ਨੂੰ ਕਰਨ ਪੂਰਾ ਵਾਲਾ ਵਿਅਕਤੀ ਹਾਂ।

- ਸਾਨੂੰ ਉਸ ਦੇ ਸੇਵਕ ਹੋਣ ਲਈ, ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ, ਸਾਡੇ ਚਾਨਣ ਨੂੰ ਚਮਕਣ ਦੇਣ ਲਈ, ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਅਤੇ ਉਸ ਦੇ ਗਵਾਹ ਹੋਣ ਲਈ ਬੁਲਾਇਆ ਗਿਆ ਹੈ। ਪਰ **ਖਾਸ ਕੰਮ** ਹਨ ਜਿੰਨਾ ਲਈ ਪਰਮੇਸ਼ੁਰ ਨੇ ਇੱਕ **ਖਾਸ ਵਿਅਕਤੀ** ਨੂੰ ਚੁਣਿਆ ਹੈ (ਮੂਸਾ, ਯਹੋਸ਼ੁਆ, ਸ਼ਾਊਲ, ਦਾਊਦ, ਸੁਲੇਮਾਨ ਅਤੇ ਸੂਚੀ ਇਸ ਤਰ੍ਹਾਂ ਹੀ ਚੱਲਦੀ ਹੈ)।

**ਦਾਊਦ** ਦੇ ਆਲੇ ਦੁਆਲੇ ਵੀ ਉਹ ਲੋਕ ਸਨ ਜਿੰਨਾ ਨੇ ਉਸ ਨੂੰ ਕਿਹਾ: ਤੂੰ ਉਹ ਨਹੀਂ ਕਰ ਸਕਦਾ ਜੋ ਤੇਰੇ ਦਿਲ ਵਿੱਚ ਹੈ। ਉਸ ਦੇ ਭਰਾ / ਰਾਜਾ ਸ਼ਾਊਲ: ਤੂੰ ਯੋਗ ਨਹੀਂ ਹੈ … ਤੂੰ ਇੱਕ ਜਵਾਨ ਹੈਂ" / ਦੈਂਤ ਨੇ ਕਿਹਾ: *"ਮੈਂ ਇੱਕ ਕੁੱਤਾ ਹਾਂ ਕਿ ਤੂੰ ਮੇਰੇ ਲੋਕ ਲਾਠੀ ਲੈ ਕੇ ਆਉਂਦਾ ਹੈਂ?"*

ਅਸੀਂ **ਆਪਣੇ ਆਪ ਦੇ ਸਭ ਤੋਂ ਬੁਰੇ ਦੁਸ਼ਮਣ** ਹੋ ਸਕਦੇ ਹਾਂ ਅਤੇ ਅਕਸਰ ਆਪਣੇ ਆਪ ਨੂੰ ਅਯੋਗ ਕਰ ਦਿੰਦੇ ਹਾਂ, ਇਹ ਸੋਚਦੇ ਹੋਏ ਕਿ ਮੈਂ ਕੁਸ਼ਲ ਜਾਂ ਧੰਨ ਨਹੀਂ ਹਾਂ, ਜਾਂ ਦੂਸਰੇ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਉਨ੍ਹਾਂ ਵਾਂਗ ਖਾਸ ਨਹੀਂ ਹਾਂ, ਜਾਂ ਜਿਨ੍ਹਾਂ ਬਾਰੇ ਪੜ੍ਹਦਾ ਹਾਂ। ਮੈਂ ਦਾਊਦ, ਦਾਨੀਏਲ, ਬਿਲੀ ਗ੍ਰਾਹਮ ਜਾਂ ਰੈਂਡੀ ਕਲਾਰਕ ਨਹੀਂ ਹਾਂ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ, ਪਰਮੇਸ਼ੁਰ ਅਕਸਰ ਬੁੱਧੀਮਾਨਾਂ ਨੂੰ ਸ਼ਰਮਿੰਦਾ ਕਰਨ ਲਈ ਮੂਰਖਾਂ ਨੂੰ ਚੁਣਦਾ ਹੈ।

1 ਕੁਰਿੰਥੀਆਂ 1:27 ਸਗੋਂ ਸੰਸਾਰ ਦੇ **ਮੂਰਖਾਂ ਨੂੰ** ਪਰਮੇਸ਼ੁਰ ਨੇ **ਚੁਣ ਲਿਆ** ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ **ਨਿਰਬਲਾਂ** ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ।

- ਮੈਂ ਯੋਗ ਹਾਂ ਅਤੇ ਮੈਂ ਸੋਚਦਾ ਹਾਂ, ਅਸਲ ਵਿੱਚ ਅਸੀਂ ਸਾਰੇ ਯੋਗ ਹਾਂ।

- ਜਿਵੇਂ ਮੂਸਾ ਨਾਲ ਹੋਇਆ: ਕੋਈ ਵੀ ਆਮ ਝਾੜੀ ਕਰੇਗੀ। ਅਤੇ ਜਿਵੇਂ ਰੈਂਡੀ ਕਲਾਰਕ ਆਖਦੇ ਹਨ: "ਪਰਮੇਸ਼ੁਰ ਵਰਗੇ ਛੋਟੇ ਵਿਅਕਤੀ ਨੂੰ ਵੀ ਵਰਤ ਸਕਦਾ ਹੈ"।

ਇੱਕ ਚੰਗੀ ਉਦਾਹਰਣ **ਗਿਦਯੋਨ** ਹੈ (ਨਿਆਈਆਂ 6-9)

ਉਹ ਨੇ ਉਸ ਨੂੰ ਆਖਿਆ, ਹੇ ਪ੍ਰਭੂ, **ਮੈਂ ਇਸਰਾਏਲ ਨੂੰ ਕਿੱਕਰ ਬਚਾਵਾਂ?** ਵੇਖ, **ਮੇਰਾ ਟੱਬਰ** ਮਨੱਸ਼ਹ ਵਿੱਚ **ਸਾਰਿਆਂ ਨਾਲੋਂ ਕੰਗਾਲ ਹੈ** ਅਤੇ ਆਪਣੇ ਪਿਉ ਦੇ ਟੱਬਰ ਵਿੱਚੋਂ **ਮੈਂ ਸਭ ਤੋਂ ਨਿੱਕਾ ਹਾਂ।**

- ਗਿਦਯੋਨ ਨੇ ਨਹੀਂ ਸੋਚਿਆ ਕਿ ਉਹ ਖਾਸ ਸੀ ਅਤੇ ਨਾ ਹੀ ਕਿਸੇ ਹੋਰ ਨੇ। ਉਸ ਦੇ ਕੋਲ ਕੁਝ ਨਹੀਂ ਸੀ ਜੋ ਉਸ ਨੂੰ ਇਸ ਕੰਮ ਦੇ ਯੋਗ ਬਣਾਉਂਦਾ ਸੀ।

[16]ਤਾਂ ਯਹੋਵਾਹ ਨੇ ਉਹ ਨੂੰ ਆਖਿਆ, **ਮੈਂ ਜ਼ਰੂਰ ਤੇਰੇ ਨਾਲ ਹੋਵਾਂਗਾ** ਅਤੇ ਤੂੰ ਮਿਦਯਾਨੀਆਂ ਨੂੰ ਇੱਕੋ ਮਨੁੱਖ ਵਾਂਗਰ ਵੱਢ ਸੁੱਟੇਂਗਾ।

ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਦਾ ਉੱਤਰ ਇਹ ਹੈ: ਮੈਂ ਤੇਰੇ ਨਾਲ ਹੋਵਾਂਗਾ (ਇਬਰਾਨੀਆਂ 13:5) ਅਤੇ ਇਹ ਕਿ ਜੋ ਬੁਲਾਉਂਦਾ ਹੈ ਉਹ ਯੋਗ ਬਣਾਉਂਦਾ ਹੈ ਅਤੇ ਤਿਆਰ ਕਰਦਾ ਹੈ (ਕੁਲੁੱਸੀਆਂ 1:12; 2 ਤਿਮੋਥਿਉਸ 1:9) **ਉਹ ਯੋਗ ਲੋਕਾਂ ਨੂੰ ਨਹੀਂ ਬੁਲਾਉਂਦਾ / ਉਹ ਬੁਲਾਇਆਂ ਹੋਇਆਂ ਨੂੰ ਯੋਗ ਬਣਾਉਂਦਾ ਹੈ।**

ਅਜੇ ਵੀ ਗਿਦਯੋਨ ਨੂੰ ਯਕੀਨ ਨਹੀਂ ਸੀ ਅਤੇ ਉਸ ਨੇ ਪਰਮੇਸ਼ੁਰ ਦੀ ਇੱਛਾ ਦੀ ਪੁਸ਼ਟੀ ਕਰਨ ਲਈ ਇੱਕ ਨਿਸ਼ਾਨੀ ਦੀ ਮੰਗ ਕੀਤੀ।

17ਤਾਂ ਉਹ ਨੇ ਉਸ ਨੂੰ ਆਖਿਆ, **ਜੇ** ਕਦੀ ਮੈਂ ਤੇਰੇ ਅੱਗੇ ਹੁਣ ਕਿਰਪਾ ਪਾਈ ਹੈ ਤਾਂ **ਕੋਈ ਨਿਸ਼ਾਨੀ ਮੈਨੂੰ ਵਿਖਾ** ਜੋ ਮੈਂ ਜਾਣਾਂ ਭਈ **ਤੂੰ ਹੀ ਹੈਂ ਜਿਹੜਾ ਮੇਰੇ ਨਾਲ ਬੋਲਦਾ ਹੈਂ।**

- ਸਾਨੂੰ ਵੀ ਉਸ ਅਵਾਜ਼ ਦੀ ਇਸ ਲਈ ਪੁਸ਼ਟੀ ਕਰਨ ਅਤੇ ਜਾਣਨ ਦੀ ਲੋੜ ਹੈ ਤਾਂ ਕਿ ਅਸੀਂ ਨਿਸ਼ਚਿਤ ਹੋ ਸਕੀਏ ਕਿ ਇਹ ਪਰਮੇਸ਼ੁਰ ਦੀ ਹੈ ਅਤੇ ਮੇਰੀ ਜਾਂ ਕਿਸੇ ਹੋਰ ਸਰੋਤ ਦੀ ਨਹੀਂ ਹੈ।

- ਗਿਸਯੋਨ ਨੇ ਇੱਕ ਨਿਸ਼ਾਨੀ ਮੰਗੀ ਅਤੇ ਯੋਨਾਥਾਨ ਨੇ ਇੱਕ ਹਲਾਤ ਨੂੰ ਨਿਰਧਾਰਿਤ ਕੀਤਾ।

21 ਤਾਂ ਯਹੋਵਾਹ ਦੇ ਦੂਤ ਨੇ ਉਸ ਛਿਟੀ ਦੇ ਸਿਰੇ ਨਾਲ ਜਿਹੜੀ ਉਸ ਦੇ ਹੱਥ ਵਿੱਚ ਸੀ . . . ਅਤੇ ਉਸ ਪੱਥਰ ਵਿੱਚੋਂ ਅੱਗ ਨਿੱਕਲੀ ਅਤੇ ਮਾਸ ਅਰ ਪਤੀਰੀਆਂ ਰੋਟੀਆਂ ਨੂੰ ਖਾ ਗਈ, ਤਦ ਯਹੋਵਾਹ ਦਾ ਦੂਤ ਉਹ ਦੇ ਨੇਤਰਾਂ ਤੋਂ ਅਲੋਪ ਹੋ ਗਿਆ।

- ਇਹ ਵਿਖਾਉਂਦਾ ਹੈ ਕਿ ਪਰਮੇਸ਼ੁਰ **ਪੁਸ਼ਟੀ ਕਰੇਗਾ** ਅਤੇ ਆਪਣੀ ਇੱਛਾ ਨੂੰ ਪਰਗਟ ਕਰੇਗਾ ਅਤੇ ਇਸ ਨੂੰ ਭੁਲੇਖੇ ਵਿੱਚ ਜਾਂ ਗੁਪਤ ਨਹੀਂ ਰੱਖੇਗਾ। ਜਿਵੇਂ ਪਰਮੇਸ਼ੁਰ ਨੇ ਯਸਾਯਾਹ 7:11 ਵਿੱਚ ਆਖਿਆ ਕਿ ਯਹੋਵਾਹ ਆਪਣੇ ਪਰਮੇਸ਼ਰ ਤੋਂ ਕੋਈ ਨਿਸ਼ਾਨ ਮੰਗ, ਭਾਵੇਂ ਡੂੰਘਿਆਈ ਵਿੱਚ ਭਾਵੇਂ ਉਤਾਹਾਂ ਉੱਚਿਆਈ ਵਿੱਚ ਮੰਗ।

- ਪ੍ਰਾਰਥਨਾ ਪੂਰਵਕ ਅਤੇ **ਬਚਨ ਨੂੰ** ਧਿਆਨ ਪੂਰਵਕ **ਪੜ੍ਹਦੇ ਹੋਏ**, ਅਸੀਂ ਪਰਮੇਸ਼ੁਰ ਦੇ ਮਨ, ਇੱਛਾ ਅਤੇ ਪਰਮੇਸ਼ੁਰ ਦੀਆਂ ਇੱਛਾਵਾਂ ਨੂੰ ਜਾਣਾਂਗੇ ਅਤੇ ਸਾਡੇ "**ਵਿਸ਼ਵਾਸ ਦੇ ਕਦਮ**" ਹੋਰ ਜ਼ਿਆਦਾ "**ਉਸ ਦੇ ਕਦਮਾਂ ਉੱਤੇ**" ਹੋਣਗੇ।

ਜਿਵੇਂ ਦਾਨੀਏਲ ਨੇ ਕਿਹਾ: ਦਾਨੀਏਲ 11:32
ਜਿਹੜੇ ਲੋਕ ਆਪਣੇ ਪਰਮੇਸ਼ੁਰ ਨੂੰ **ਸਿਆਣਦੇ** ਹਨ ਓਹ ਬਲਵਾਨ ਹੋਣਗੇ ਅਤੇ ਕੰਮ ਕਰਨਗੇ।

"ਜਿਹੜੇ ਆਪਣੇ ਪਰਮੇਸ਼ੁਰ ਨੂੰ ਸਿਆਣਦੇ ਹਨ" ਦਾ ਅਰਥ ਹੈ "ਪਰਮੇਸ਼ੁਰ ਦੇ ਨਾਲ ਨੇੜਤਾ"। ਸ਼ਬਦ "ਸਿਆਣਦੇ" ਓਹੀ ਸ਼ਬਦ ਹੈ ਜੋ ਉਤਪਤ 4:1 ਵਿੱਚ ਹੈ ਆਦਮ ਨੇ ਆਪਣੀ ਪਤਨੀ ਹੱਵਾਹ ਨਾਲ ਸੰਗ ਕੀਤਾ ਅਤੇ ਉਹ ਗਰਭਣੀ ਹੋਈ ਇਸ ਤਰ੍ਹਾਂ ਦਾ ਜਾਣਨਾ **ਜੀਵਨ ਲੈ ਕੇ ਆਉਂਦਾ ਹੈ।**

**ਉਸ ਨੂੰ ਦਿਲ ਤੋਂ ਭਾਲਣ** ਦੇ ਦੁਆਰਾ ਅਸੀਂ ਉਸ ਨੂੰ "ਜਾਣਾਂਗੇ"

ਯਿਰਮਿਯਾਹ 29:13 ਤੁਸੀਂ *ਮੈਨੂੰ* ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ **ਆਪਣੇ ਸਾਰੇ ਦਿਲ ਨਾਲ** ਮੈਨੂੰ ਭਾਲੋਗੇ – ਉਸ ਦੇ ਬਚਨ ਨੂੰ ਪੜ੍ਹਦੇ ਹੋਏ, ਉਸ ਨਾਲ ਗੱਲਾਂ ਕਰਦੇ ਹੋਏ ਅਤੇ ਉਸ ਦੀ ਅਰਾਧਨਾ ਕਰਦੇ ਹੋਏ ਸਮਾਂ ਗੁਜ਼ਾਰਨਾ। ਤੁਸੀਂ ਉਸ ਦੀ ਇੱਛਾ, ਉਸ ਦੇ ਦਿਲ ਅਤੇ ਉਹ ਕਿਵੇਂ ਸੋਚਦਾ ਹੈ ਇਸ ਦੀ ਖੋਜ ਕਰੋਗੇ।

- ਬਲਵਾਨ ਹੋਣਗੇ ਅਤੇ ਕੰਮ ਕਰਨਗੇ ਵਿਹਲੇ ਨਹੀਂ ਬੈਠਣਗੇ ਪਰ ਕੰਮ ਕਰਨਗੇ, ਜੋਖ਼ਮ ਉਠਾਉਣਗੇ, ਇਹ ਸਾਬਤ ਕਰਨ ਲਈ ਕਿ ਪਰਮੇਸ਼ੁਰ ਦੀ ਇੱਛਾ ਕੀ ਹੈ।

ਰੋਮੀਆਂ 12:2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ **ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ** ਅਤੇ ਮਨ ਭਾਉਂਦੀ ਅਤੇ ਪੂਰੀ **ਇੱਛਿਆ ਕੀ ਹੈ**।

ਇਬਰਾਨੀਆਂ 13:20-21 ਹੁਣ ਸ਼ਾਂਤੀ ਦਾਤਾ ਪਰਮੇਸ਼ੁਰ . . . [21] **ਤੁਹਾਨੂੰ** ਹਰੇਕ ਭਲੇ ਕੰਮ ਵਿੱਚ **ਸੰਪੂਰਨ ਕਰੇ** ਭਈ **ਤੁਸੀਂ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ** ਅਤੇ **ਜੋ ਕੁਝ ਉਹ ਨੂੰ ਭਾਉਂਦਾ ਹੈ** ਉਹੋ ਸਾਡੇ ਵਿੱਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਹ ਦੀ ਵਡਿਆਈ ਜੁੱਗੋ ਜੁੱਗ ਹੋਵੇ! ਆਮੀਨ।

ਫਿਲਿੱਪੀਆਂ 1:6 ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ **ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ** ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**।

1 ਥੱਸਲੁਨੀਕੀਆਂ 5:24 ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ ਉਹ ਅਜਿਹਾ ਹੀ ਕਰੇਗਾ।

ਯਸਾਯਾਹ 14:24 ਸੈਨਾਂ ਦੇ ਯਹੋਵਾਹ ਨੇ ਸੌਂਹ ਖਾਧੀ, ਕਿ ਨਿਸੰਗ **ਜਿਵੇਂ ਮੈਂ ਠਾਣਿਆ, ਤਿਵੇਂ ਹੋ ਜਾਵੇਗਾ**, ਅਤੇ **ਜਿਵੇਂ ਮੈਂ ਮਤਾ ਮਤਾਇਆ, ਤਿਵੇਂ ਉਹ ਕਾਇਮ ਰਹੇਗਾ**,

ਜ਼ਬੂਰ 33:8-12 **ਯਹੋਵਾਹ ਦੀ ਸਲਾਹ ਸਦਾ ਅਟੱਲ ਰਹਿੰਦੀ ਹੈ**, ਅਤੇ ਉਸ ਦੇ ਮਨ ਦੀਆਂ ਸੋਚਾਂ ਪੀੜ੍ਹੀਓਂ ਪੀੜ੍ਹੀ।

ਹਾਂ ਅਤੇ ਆਮੀਨ!

ਜਿਵੇਂ ਉਸ ਨੇ ਯੋਜਨਾ ਬਣਾਈ ਹੈ, ਉਸੇ ਤਰ੍ਹਾਂ ਇਹ ਹੋਵੇਗਾ।

---

ਦੂਸਰਾ ਮਹੱਤਵਪੂਰਣ ਅਤੇ ਵਿਰੋਧਾਭਾਸੀ ਵਿਸ਼ਾ ਹੈ ਜਿਸ ਨੂੰ ਉੱਪਰਲੀਆਂ ਆਇਤਾਂ ਸੰਬੋਧਿਤ ਕਰਦੀਆਂ ਹਨ। ਅਤੇ ਉਹ ਹੈ:

ਆਦਮ, ਹੱਵਾਹ ਅਤੇ ਪਰਮੇਸ਼ੁਰ ਦੇ ਸਾਰੇ ਬੱਚੇ ਸਦੀਪਕਤਾ ਸਵਰਗ ਵਿੱਚ ਗੁਜ਼ਾਰਨਗੇ ਕਿਉਂਕਿ – ਇਹ ਪਰਮੇਸ਼ੁਰ ਦੀ ਇੱਛਾ ਹੈ।

ਪਰਮੇਸ਼ੁਰ ਦੇ ਸਾਰੇ ਬੱਚੇ ਅਤੇ ਧਰਤੀ ਬਹਾਲ ਕੀਤੇ ਜਾਣਗੇ . . ਕਿਉਂਕਿ ਇਹ ਪਰਮੇਸ਼ੁਰ ਦੀ ਇੱਛਾ ਹੈ।

ਅਫਸੀਆਂ 1:4-5 ਜਿਵੇਂ ਉਹ ਨੇ **ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ। ਉਹ ਨੇ ਜੋ **ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ** ਯਿਸੂ ਮਸੀਹ ਦੇ ਰਾਹੀਂ ਆਪਣੇ ਲਈ **ਸਾਨੂੰ** ਲੇਪਾਲਕ ਪੁੱਤਰ ਹੋਣ ਨੂੰ **ਅੱਗੋਂ ਹੀ ਠਹਿਰਾਇਆ**।

- ਅਫਸੀਆਂ ਦੀ ਪੱਤਰੀ ਉਨ੍ਹਾਂ ਸੰਤਾਂ ਨੂੰ ਲਿਖੀ ਗਈ ਸੀ ਜੋ ਅਫਸੁਸ ਵਿੱਚ ਸਨ ਅਤੇ *ਜੋ* ਯਿਸੂ ਮਸੀਹ ਨਾਲ ਵਫ਼ਾਦਾਰ *ਸਨ* (ਅਫਸੀਆਂ 1:1) ਇਸ ਲਈ ਆਇਤ ਚਾਰ ਵਿੱਚ "ਅਸੀਂ" ਵੀ ਵਿਸ਼ਵਾਸੀ ਹਨ, ਉਹ ਜਿਨ੍ਹਾਂ ਨੂੰ ਪੌਲੁਸ ਲਿਖ ਰਿਹਾ ਹੈ।
- "ਸਾਨੂੰ" ਸਪਸ਼ੱਟ ਰੂਪ ਵਿੱਚ ਵਿਸ਼ਵਾਸੀ ਹਨ, ਕਿਉਂਕਿ ਧਰਤੀ ਉੱਤੇ ਹਰੇਕ "ਉਸ ਲਈ ਪਹਿਲਾਂ ਹੀ ਨਿਯੁਕਤ" ਨਹੀਂ ਕੀਤਾ ਗਿਆ ਅਤੇ ਨਾ ਸਵਰਗ ਵਿੱਚ ਸਦੀਪਕ ਜੀਵਨ ਲਈ। ਬਹੁਤ ਸਾਰੇ ਹਨ ਜੋ ਨਰਕ ਵਿੱਚ ਸਦੀਪਕਤਾ ਲਈ ਠਹਿਰਾਏ ਗਏ ਹਨ (ਮੱਤੀ 23:15, 33; 2 ਪਤਰਸ 2:4-10)
- ਜੇਕਰ "ਸਾਨੂੰ" ਉਹ ਨੇ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਹਰ ਅਤੇ ਹਰੇਕ ਵਿਅਕਤੀ ਹੈ, ਯਿਸੂ ਕਿਵੇਂ ਆਖ ਸਕਦਾ ਹੈ: ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਮੇਰੇ ਕੋਲੋ ਚੱਲੇ ਜਾਓ? ਮੱਤੀ 7:22-23

"**ਸਾਨੂੰ**" ਬੋਲਦੇ ਹੋਏ ਉਹ ਨੇ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਉਹ ਅਫਸੀਆਂ 1:11 ਵਿੱਚ ਜਾਰੀ ਰੱਖਦਾ ਹੈ ਹਾਂ ਉਸੇ ਵਿੱਚ ਅਸੀਂ ਵੀ **ਉਹ ਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ** ਅਧਕਾਰ ਬਣ ਗਏ।

ਇਸ ਲਈ: **ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ** ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**। ਫਿਲਿੱਪੀਆਂ 1:6

ਸਾਡੇ ਮੁਕਤੀਦਾਤਾ ਪ੍ਰਭੂ ਯਿਸੂ ਮਸੀਹ ਦੀ ਮੌਤ, ਦਫ਼ਨਾਉਣ ਅਤੇ ਜੀ ਉੱਠਣ ਦੇ ਦੁਆਰਾ ਸਾਡੀ ਮੰਜ਼ਿਲ ਸਪੱਸ਼ਟ ਰੂਪ ਵਿੱਚ ਪੱਕੀ ਹੈ।

**ਪਰਮੇਸ਼ੁਰ ਪ੍ਰੇਮ ਹੈ।** (1 ਯੂਹੰਨਾ 4:8) ਅਤੇ **ਪ੍ਰੇਮ ਕਦੇ ਟਲਦਾ ਨਹੀਂ** (1 ਕੁਰਿੰਥੀਆਂ 13:8)

ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ਰ ਦੇ ਪ੍ਰੇਮ ਤੋ ਸਾਨੂੰ ਅੱਡ ਕਰ ਸੱਕੇਗੀ। (ਰੋਮੀਆਂ 8:38)

ਜੋ ਪ੍ਰਭੂ ਪਰਮੇਸ਼ੁਰ ਨੇ ਉਤਪਤ ਵਿੱਚ ਆਦਮ ਨਾਲ ਸ਼ੁਰੂ ਕੀਤਾ (ਸਦੀਪਕ ਜੀਵਨ) ਅਤੇ ਧਰਤੀ ਲਈ ਉਸ ਦੀ ਅਸਲ ਯੋਜਨਾ ਨਾਲ ਪੂਰਾ ਕੀਤਾ ਜਾਵੇਗਾ।

ਯਸਾਯਾਹ 65:17 ਵੇਖੋ ਤਾਂ, ਮੈਂ **ਨਵਾਂ ਅਕਾਸ਼ ਅਤੇ ਨਵੀਂ ਧਰਤੀ** ਉਤਪੰਨ ਕਰਦਾ ਹਾਂ, ਅਤੇ ਪਹਿਲੀਆਂ ਚੀਜ਼ਾਂ ਚੇਤੇ ਨਾ ਆਉਣਗੀਆਂ, ਨਾ ਮਨ ਉੱਤੇ ਹੀ ਚੜ੍ਹਨਗੀਆਂ।

ਯਸਾਯਾਹ 66:22 ਜਿਵੇਂ **ਨਵਾਂ ਅਕਾਸ਼** ਅਤੇ **ਨਵੀਂ ਧਰਤੀ**, ਜੋ ਮੈਂ ਬਣਾਵਾਂਗਾ ਮੇਰੇ ਸਨਮੁਖ **ਕਾਇਮ ਰਹਿਣਗੇ**, ਯਹੋਵਾਹ ਦਾ ਵਾਕ ਹੈ, ਤਿਵੇਂ **ਤੁਹਾਡੀ ਅੰਸ ਅਤੇ ਤੁਹਾਡਾ ਨਾਮ ਕਾਇਮ ਰਹਿਣਗੇ**।

2 ਪਤਰਸ 3:13 ਪਰ **ਉਹ ਦੇ ਬਚਨ** (ਉਸ ਦੀ ਇੱਛਾ) ਦੇ ਅਨੁਸਾਰ ਅਸੀਂ **ਨਵੇਂ ਅਕਾਸ਼** ਅਤੇ **ਨਵੀਂ ਧਰਤੀ** ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ **ਧਰਮ ਵੱਸਦਾ ਹੈ**।

ਆਦਮ ਸਾਡੇ ਸਾਰਿਆਂ ਦੇ ਜੀਵਨਾਂ ਵਿੱਚ ਵੱਡੀ ਮਾਤਰਾ ਵਿੱਚ ਦਰਦ ਅਤੇ ਦੁੱਖ ਲੈ ਕੇ ਆਇਆ।

- **ਯਾਦ ਰੱਖੋ: ਸਾਡੀ ਇੱਛਾ** ਦੇ ਕੰਮ ਸਾਡੇ ਜੀਵਨ ਵਿੱਚ ਹੀ ਕੇਵਲ ਦਰਦ ਅਤੇ ਦੁੱਖ ਲੈ ਕੇ ਨਹੀਂ ਆਉਂਦੇ ਪਰ ਦੂਸਰਿਆਂ ਦੇ ਜੀਵਨ ਵਿੱਚ ਵੀ, ਖਾਸ ਕਰਕੇ ਸਾਡੇ ਬੱਚਿਆਂ ਦੇ ਅਤੇ ਹੋਰਾਂ ਦੇ।

- ਪਰ ਇਹ ਵਾਅਦਾ ਪੱਕਾ ਹੈ: **ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ** ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**। ਫਿਲਿੱਪੀਆਂ 1:6

- ਅਤੇ: **ਪਰਮੇਸ਼ੁਰ ਪ੍ਰੇਮ ਹੈ।** (1 ਯੂਹੰਨਾ 4:8) ਅਤੇ **ਪ੍ਰੇਮ ਕਦੇ ਟਲਦਾ ਨਹੀਂ** (1 ਕੁਰਿੰਥੀਆਂ 13:8)

ਯਿਸੂ ਮਸੀਹ ਦੇ ਅੱਗੇ ਦਿੱਤੇ ਕਥਨ ਇਸ ਦੀ ਸਪੱਸ਼ਟ ਰੂਪ ਵਿੱਚ ਘੋਸ਼ਣਾ ਕਰਦੇ ਹਨ:

ਯੂਹੰਨਾ 6:37-39 **ਜੋ ਕੁਝ ਪਿਤਾ ਮੈਨੂੰ ਦਿੰਦਾ ਹੈ ਮੇਰੇ ਕੋਲ ਆਵੇਗਾ** ਅਤੇ ਜੋ ਮੇਰੇ ਕੋਲ ਆਉਂਦਾ ਹੈ ਮੈਂ ਕਦੇ ਵੀ ਉਹ ਨੂੰ ਕੱਢ ਨਾ
ਦਿਆਂਗਾ। [38] ਕਿਉਂਕਿ ਮੈਂ ਸੁਰਗੋਂ ਉੱਤਰਿਆ ਹਾਂ ਇਸ ਲਈ ਨਹੀਂ ਜੋ ਆਪਣੀ ਮਰਜ਼ੀ ਸਗੋਂ **ਉਹ ਦੀ ਮਰਜ਼ੀ** ਦੇ ਅਨੁਸਾਰ ਚੱਲਾਂ
ਜਿਹ ਨੇ ਮੈਨੂੰ ਘੱਲਿਆ। [39] ਅਤੇ ਜਿਹ ਨੇ ਮੈਨੂੰ ਘੱਲਿਆ **ਉਹ ਦੀ ਮਰਜ਼ੀ ਇਹ ਹੈ** ਭਈ **ਸਭ ਕੁਝ ਜੋ ਉਹ ਨੇ ਮੈਨੂੰ ਦਿੱਤਾ ਹੈ ਉਸ
ਵਿੱਚੋਂ ਮੈਂ ਕੁਝ ਨਾ ਗੁਆਵਾਂ** ਸਗੋਂ ਉਸ ਨੂੰ ਅੰਤ ਦੇ ਦਿਨ ਜੀਉਂਦਾ ਉਠਾਵਾਂ।

ਯੂਹੰਨਾ 17:4-9 ਜਿਹੜਾ **ਕੰਮ** ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ **ਪੂਰਾ ਕਰਕੇ** ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ . . . [6]
**ਜਿਹੜੇ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ** ਓਹਨਾਂ ਉੱਤੇ ਮੈਂ ਤੇਰਾ ਨਾਮ ਪਰਗਟ ਕੀਤਾ। **ਓਹ ਤੇਰੇ ਸਨ** ਅਤੇ ਤੈਂ ਓਹ ਮੈਨੂੰ ਦਿੱਤੇ
ਅਰ ਓਹਨਾਂ ਨੇ ਤੇਰੇ ਬਚਨ ਦੀ ਪਾਲਨਾ ਕੀਤੀ ਹੈ . . . [8] ਕਿਉਂਕਿ ਜਿਹੜੀਆਂ ਗੱਲਾਂ ਤੈਂ ਮੈਨੂੰ ਦਿੱਤੀਆਂ ਓਹ ਮੈਂ ਓਹਨਾਂ ਨੂੰ
ਦਿੱਤੀਆਂ ਹਨ ਅਤੇ **ਓਹਨਾਂ ਨੇ ਮੰਨ ਲਈਆਂ** ਅਤੇ ਸੱਚ ਜਾਣਿਆ ਜੋ ਮੈਂ ਤੇਰੀ ਵੱਲੋਂ ਆਇਆ ਅਤੇ ਓਹਨਾਂ ਪਰਤੀਤ ਕੀਤੀ ਜੋ ਤੈਂ
ਮੈਨੂੰ ਘੱਲਿਆ। [9] **ਮੈਂ ਓਹਨਾਂ ਲਈ ਬੇਨਤੀ ਕਰਦਾ ਹਾਂ**। ਮੈਂ ਜਗਤ ਦੇ **ਲਈ ਨਹੀਂ** ਪਰ **ਓਹਨਾਂ ਲਈ ਬੇਨਤੀ ਕਰਦਾ ਹਾਂ ਜੋ ਤੈਂ ਮੈਨੂੰ
ਦਿੱਤੇ ਸਨ ਕਿਉਂ ਜੋ ਓਹ ਤੇਰੇ ਹਨ**।

ਮੈਨੂੰ ਯਕੀਨ ਹੈ ਕਿ ਉੱਪਰ ਦਿੱਤਾ ਗਿਆ ਸੱਚ ਹੈ, ਅਤੇ ਜਦੋਂ ਇਹ ਸਭ ਕਿਹਾ ਅਤੇ ਕੀਤਾ ਜਾਂਦਾ ਹੈ, ਤਾਂ ਸਰਬ ਸ਼ਕਤੀਮਾਨ ਪਰਮੇਸ਼ੁਰ ਨੂੰ ਕੋਈ **ਪਛਤਾਵਾਂ** ਜਾਂ **ਅਫਸੋਸ ਨਹੀਂ ਹੋਵੇਗਾ** ਕਿਉਂਕਿ ਉਸ ਦੀ ਇੱਛਾ, ਉਸ ਦਾ ਮਕਸਦ ਅਤੇ ਉਸ ਦੀ ਮਰਜ਼ੀ ਪੂਰੀ ਨਹੀਂ ਕੀਤੀ ਗਈ ਸੀ। ਉਹ **ਸਾਰੇ** ਜਿਨ੍ਹਾਂ ਨੂੰ ਉਹ ਪਿਆਰ ਕਰਦਾ ਹੈ, ਉਸ ਦੇ ਬੱਚੇ ਅਤੇ ਉਹ ਸਾਰੇ ਜਿਨ੍ਹਾਂ ਨੂੰ ਸਵਰਗ ਲੈ ਕੇ ਜਾਣਾ ਉਸ ਦਾ ਮਕਸਦ ਹੈ, **ਸਵਰਗ ਵਿੱਚ ਉਸ ਦੇ ਨਾਲ ਹੋਣਗੇ।** (ਰੋਮੀਆਂ 9:6-24 ਪੜ੍ਹੋ)

ਸਦੀਪਕ ਭੂਤਕਾਲ ਵਿੱਚ ਉਸ ਨੇ: ਉਹ ਨੇ **ਸਾਨੂੰ** ਉਸ ਦੇ ਨਾਲ **ਉਠਾਇਆ** ਅਰ **ਸਾਨੂੰ** ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ **ਬਹਾਲਿਆ**।(ਅਫਸੀਆਂ 2:4-10) **ਕੋਈ ਵੀ ਖਾਲੀ ਸੀਟ ਨਹੀਂ ਹੋਵੇਗੀ।**

ਕਿਉਂਕਿ ਉਸ ਨੇ ਕਿਹਾ ਹੈ: **ਮੈਂ ਆਦ ਤੋਂ ਅੰਤ ਨੂੰ**, ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ **ਦੱਸਦਾ ਹਾਂ**, ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ, ਅਤੇ ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ**।

ਇਸ ਵਿਚਾਰ ਨਾਲ ਜਾਰੀ ਰੱਖੋ:
ਅਫਸੀਆਂ 1:5 ਉਹ ਨੇ ਜੋ **ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ** ਯਿਸੂ ਮਸੀਹ ਦੇ ਰਾਹੀਂ ਆਪਣੇ ਲਈ **ਸਾਨੂੰ** ਲੇਪਾਲਕ ਪੁੱਤਰ ਹੋਣ ਨੂੰ **ਅੱਗੋਂ ਹੀ ਠਹਿਰਾਇਆ**।

ਅਫਸੀਆਂ 1:11 ਹਾਂ ਉਸੇ ਵਿੱਚ ਅਸੀਂ ਵੀ **ਉਹ ਦੀ ਧਾਰਨਾ ਮੁਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ** ਅਧਕਾਰ ਬਣ ਗਏ।

ਫਿਲਿੱਪੀਆਂ 1:6 ਅਤੇ ਇਸ ਗੱਲ ਦੀ ਮੈਨੂੰ **ਪਰਤੀਤ ਹੈ** ਭਈ **ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ** ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**।

ਬਚਨ ਇਸ ਨੂੰ ਸਪੱਸ਼ਟ ਕਰਦਾ ਹੈ ਕਿ ਉਸ ਨੇ ਹਰੇਕ ਵਿੱਚ "ਇੱਕ ਚੰਗਾ ਕੰਮ ਸ਼ੁਰੀ" ਨਹੀਂ ਕੀਤਾ। ਅਤੇ ਨਾ ਹੀ ਸਾਰੇ "*ਉਸ ਦੇ ਮਕਸਦ ਦੇ ਅਨੁਸਾਰ ਪਹਿਲਾਂ ਠਹਿਰਾਏ ਗਏ ਹਨ ਜੋ ਆਪਣੀ ਇੱਛਿਆ ਦੇ ਮਤੇ ਅਨੁਸਾਰ ਸਭ ਕੁਝ ਕਰਦਾ ਹੈ*"।

ਮੱਤੀ 13:10-11 ਤਾਂ ਚੇਲਿਆਂ ਨੇ ਨੇੜੇ ਆਣ ਕੇ ਉਹ ਨੂੰ ਕਿਹਾ, ਤੂੰ ਉਨ੍ਹਾਂ ਨਾਲ ਦ੍ਰਿਸ਼ਟਾਂਤਾਂ ਵਿੱਚ ਕਿਉਂ ਗੱਲਾਂ ਕਰਦਾ ਹੈਂ? [11] ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਸੁਰਗ ਦੇ ਰਾਜ ਦੇ ਭੇਤਾਂ ਦੀ ਸਮਝ **ਤੁਹਾਨੂੰ ਦਿੱਤੀ ਗਈ** ਪਰ **ਉਨ੍ਹਾਂ ਨੂੰ ਨਹੀਂ ਦਿੱਤੀ ਗਈ ਹੈ**।

- ਉਹ ਦ੍ਰਿਸ਼ਟਾਂਤਾ ਵਿੱਚ ਬੋਲਦਾ ਹੈ ਤਾਂ ਕਿ ਉਹ **ਨਾ** ਸਮਝਣ।

ਆਇਤ 15 ਜਾਰੀ ਹੈ: ਮਤੇ ਓਹ ਅੱਖਾਂ ਨਾਲ **ਵੇਖਣ** ਅਤੇ ਕੰਨਾਂ ਨਾਲ **ਸੁਣਨ**, ਅਤੇ **ਮਨ** ਨਾਲ ਸਮਝਣ ਅਤੇ ਮੁੜ ਆਉਣ, ਅਤੇ **ਮੈਂ ਏਹਨਾਂ ਨੂੰ ਚੰਗਾ ਕਰਾਂ**।

- ਸਪੱਸ਼ਟ ਰੂਪ ਵਿੱਚ ਉਹ ਉਨ੍ਹਾਂ ਵਿੱਚ ਮਨਸ਼ਾ ਅਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਨਹੀਂ ਕਰਦਾ। ਉਹ ਸੁਣਨ ਅਤੇ ਵਿਸ਼ਵਾਸ ਕਰਨ ਇਹ "ਉਨ੍ਹਾਂ ਦੀ ਆਪਣੀ ਮਰਜ਼ੀ" ਦਾ ਕੰਮ ਹੋਵੇਗਾ। (ਮੱਤੀ 7:22-23 ਉਨ੍ਹਾਂ ਦੀ ਆਪਣੀ ਮਰਜ਼ੀ ਦੀ ਇੱਕ ਉਦਾਹਰਣ ਹੈ)

"ਕਣਕ ਵਿੱਚ ਜੰਗਲੀ ਬੂਟੀ" (ਮੱਤੀ 13) ਦਾ ਦ੍ਰਿਸ਼ਟਾਂਤ ਅਤੇ "ਵਿਆਹ ਦੇ ਭੋਜ" ਦਾ ਦ੍ਰਿਸ਼ਟਾਂਤ ਵੀ ਇਸ ਦੇ ਬਾਰੇ ਗੱਲ ਕਰਦੇ ਹਨ:

ਮੱਤੀ 22:9-14 ਸੋ ਤੁਸੀਂ ਚੁਰਾਹਿਆਂ ਵਿੱਚ **ਜਾਓ** ਅਤੇ ਜਿੰਨੇ ਤੁਹਾਨੂੰ ਮਿਲਣ ਵਿਆਹ ਵਿੱਚ ਸੱਦ ਲਿਆਓ। [10] ਤਾਂ ਓਹ ਚਾਕਰ ਰਸਤਿਆਂ ਉੱਤੇ ਬਾਹਰ ਜਾਕੇ **ਬੁਰੇ ਭਲੇ** ਜਿੰਨੇ ਮਿਲੇ ਸਭਨਾਂ ਨੂੰ ਇਕੱਠੇ ਕਰ ਲਿਆਏ ਅਤੇ ਵਿਆਹ ਵਾਲਾ ਘਰ ਮੇਲੀਆਂ ਨਾਲ ਭਰ ਗਿਆ। [11] ਪਰ ਜਦ ਪਾਤਸ਼ਾਹ ਮੇਲੀਆਂ ਨੂੰ ਵੇਖਣ ਅੰਦਰ ਆਇਆ ਤਦ ਉੱਥੋਂ ਇੱਕ ਮਨੁੱਖ ਨੂੰ ਡਿੱਠਾ **ਜਿਹੜਾ ਵਿਆਹੁਣਾ ਕੱਪੜਾ ਪਹਿਨਿਆ ਹੋਇਆ ਨਾ ਸੀ**।

- ਇਹ ਇੱਕ ਅਜਿਹੇ ਮਨੁੱਖ ਦੀ ਉਦਾਹਰਣ ਹੈ ਜਿਸ ਨੇ ਆਪਣੀ ਮਰਜ਼ੀ ਦੇ ਅਨੁਸਾਰ ਕੰਮ ਕੀਤਾ ਅਤੇ ਅੰਦਰ ਆਇਆ। ਸਪੱਸ਼ਟ ਰੂਪ ਵਿੱਚ ਪਰਮੇਸ਼ੁਰ ਨੇ ਉਸ ਵਿੱਚ ਮਨਸ਼ਾ ਅਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਨਹੀਂ ਕੀਤਾ। (ਵੇਖੋ ਯਸਾਯਾਹ 61:10 ਅਤੇ ਪਰਕਾਸ਼ ਦੀ ਪੋਥੀ 19:7)

[12] ਅਤੇ ਉਹ ਨੂੰ ਕਿਹਾ, ਭਾਈ, ਤੂੰ ਇੱਥੇ ਵਿਆਹੁਣੇ ਕੱਪੜੇ ਬਾਝੋਂ ਕਿਸ ਤਰਾਂ ਅੰਦਰ ਆਇਆ? ਪਰ ਉਹ ਚੁੱਪ ਹੀ ਰਹਿ ਗਿਆ।
[13] ਤਦ ਪਾਤਸ਼ਾਹ ਨੇ ਟਹਿਲੂਆਂ ਨੂੰ ਆਖਿਆ, ਇਹ ਦੇ ਹੱਥ ਪੈਰ **ਬੰਨ੍ਹ ਕੇ** ਇਹ ਨੂੰ ਬਾਹਰ ਦੇ ਅੰਧਘੋਰ ਵਿੱਚ **ਸੁੱਟ ਦਿਓ**! ਉੱਥੇ ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ। [14] **ਕਿਉਂ ਜੋ ਸੱਦੇ ਹੋਏ ਤਾਂ ਬਹੁਤ ਹਨ ਪਰ ਚੁਣੇ ਹੋਏ ਥੋੜੇ**।

- ਸੱਦੇ ਹੋਏ ਤਾਂ ਬਹੁਤ ਹਨ – "ਸੱਦਾ" ਸਾਰਿਆਂ ਕੋਲ ਜਾਂਦਾ ਹੈ, ਹਰੇਕ ਕੋਲ। ਅਸੀਂ ਹਰੇਕ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨਾ ਹੈ ਕਿਉਂਕਿ ਅਸੀਂ ਨਹੀਂ ਜਾਣਦੇ ਕਿ ਕੌਣ ਚੁਣਿਆ ਹੋਇਆ ਅਤੇ ਕੌਣ ਨਹੀਂ।

- ਪਰ ਚੁਣੇ ਹੋਏ ਥੋੜੇ – (ek-ek-tos': ਚੁਣਿਆ; ਚੁਣਿਆ; ਚੁਣਿਆ; ਸੰਕੇਤ ਦੁਆਰਾ, ਪਸੰਦੀਦਾ) ਚੁਣੇ ਹੋਏ ਉਹ ਹਨ ਜਿਨ੍ਹਾਂ ਵਿੱਚ ਪਰਮੇਸ਼ੁਰ **ਮਨਸ਼ਾ ਅਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ** ਜਿਨ੍ਹਾਂ ਨੂੰ ਉਸ ਨੇ ਮੁਕਤੀ ਦੇ ਬਸਤਰ ਪਵਾਏ, ਓਸ ਧਰਮ ਦੇ ਚੋਗੇ ਨਾਲ ਮੈਨੂੰ ਕੱਜਿਆ (ਯਸਾਯਾਹ 61:10) ਜਿਵੇਂ ਉਹ ਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। ਏਹ ਉਸ ਨੂੰ ਬਖਸ਼ਿਆ ਗਿਆ ਭਈ ਭੜਕੀਲੇ *ਅਤੇ* ਸਾਫ

ਕਤਾਨ ਦੀ ਪੁਸ਼ਾਕ ਪਾਵੇ, ਏਹ ਕਤਾਨ ਤਾਂ ਸੰਤਾਂ ਦਾ ਧਰਮੀ ਕੰਮ ਹੈ।(ਪਰਕਾਸ਼ ਦੀ ਪੋਥੀ 19:7-8)

- ਪਰ ਜੇਕਰ ਚੁਣੇ ਨਹੀਂ ਗਏ ਅਤੇ ਮੁਕਤੀ ਦੇ ਬਸਤਰ ਨਹੀਂ ਪਵਾਏ ਗਏ ਅਤੇ ਧਰਮ ਦੇ ਚੋਗੇ ਨਾਲ ਕੱਜਿਆ ਨਹੀਂ ਗਿਆ, ਤਾਂ ਸਵਰਗ ਵਿੱਚ ਕੋਈ ਪ੍ਰਵੇਸ਼ ਜਾਂ ਸਥਾਨ ਨਹੀਂ ਹੈ, ਵਿਆਹ ਦੇ ਭੋਜ ਵਿੱਚ।

ਮੱਤੀ 11:26-27 ਹਾਂ, ਹੇ ਪਿਤਾ, ਕਿਉਂ ਜੋ ਤੈਨੂੰ ਇਹੋ ਚੰਗਾ ਲੱਗਾ। [27] . . **ਪੁੱਤਰ ਨੂੰ ਕੋਈ ਨਹੀਂ ਜਾਣਦਾ** ਪਰ ਪਿਤਾ ਅਤੇ ਨਾ ਕੋਈ ਪਿਤਾ ਨੂੰ ਜਾਣਦਾ ਹੈ ਪਰ ਪੁੱਤਰ ਅਤੇ ਉਹ ਜਿਸ ਉੱਤੇ ਪੁੱਤਰ ਉਹ ਨੂੰ **ਪਰਗਟ ਕਰਨਾ ਚਾਹੇ**।

{"ਉਤਾਂਹ ਤੋਂ ਜਨਮੇ" ਅਤੇ "ਲੇਪਾਲਕਪਣ" ਦੇ ਨੋਟਸ ਵੀ ਵੇਖੋ}

ਕੁਝ ਆਇਤਾਂ ਹਨ ਜੋ ਜਾਪਦੀਆਂ ਹਨ ਕਿ ਉੱਪਰਲੇ ਨਾਲ ਸਹਿਮਤ ਨਹੀਂ ਹਨ।

ਯੂਹੰਨਾ 3:16-19 ਕਿਉਂਕਿ ਪਰਮੇਸ਼ੁਰ ਨੇ **ਜਗਤ** ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। [17] ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿੱਚ ਇਸ ਲਈ ਨਹੀਂ ਘੱਲਿਆ ਜੋ ਉਹ **ਜਗਤ** ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ। [18] ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ।

"ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ"। ਸ਼ਬਦ "ਜਗਤ" ਇੱਕ ਪਦ ਹੈ ਜਿਸ ਵਿੱਚ ਸਾਰੇ ਸ਼ਾਮਲ ਹਨ। ਇਹ ਉਸ ਦੀ ਸ੍ਰਿਸ਼ਟ ਸੀ। ਪਰ ਉਹ ਉਸ ਨਾਲ ਪਿਆਰ ਨਹੀਂ ਕਰਦਾ ਜੋ ਸੰਸਾਰ ਵਿੱਚ ਹੋਇਆ ਅਤੇ ਹਰੇਕ ਚੀਜ਼ ਜੋ ਇਸ ਵਿੱਚ ਹੈ। ਉਦਾਹਰਣ ਲਈ ਉਹ ਪਾਪ, ਸ਼ਤਾਨ, ਮੌਤ ਨਾਲ ਪਿਆਰ ਨਹੀਂ ਕਰਦਾ ਅਤੇ ਸਾਨੂੰ ਕੁਝ ਲੋਕ ਵੀ ਇਸ ਸੂਚੀ ਵਿੱਚ ਸ਼ਾਮਲ ਕਰਨੇ ਹੋਣਗੇ ਕਿਉਂਕਿ: ਜਿਵੇਂ ਲਿਖਿਆ ਹੋਇਆ ਹੈ ਜੋ ਮੈਂ ਯਾਕੂਬ ਨਾਲ ਪ੍ਰੇਮ ਪਰ ਏਸਾਉ ਨਾਲ ਵੈਰ ਕੀਤਾ"। (ਰੋਮੀਆਂ 9:13)

ਪਰ ਪਰਮੇਸ਼ੁਰ ਨੇ ਜਗਤ ਦੇ ਲੋਕਾਂ ਦੇ ਪਾਪ ਮਾਫ਼ ਕਰ ਦਿੱਤੇ ਹਨ।

2 ਕੁਰਿੰਥੀਆਂ 5:18-19 ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। [19] ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ **ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ** ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ।

ਪਾਪ, ਆਦਮ ਦੇ ਪਾਪ ਲਈ ਭੁਗਤਾਨ ਕਰ ਦਿੱਤਾ ਗਿਆ ਹੈ, ਯਿਸੂ ਦੇ ਲਹੂ ਰਾਹੀਂ ਮਾਫ਼ ਕੀਤਾ ਗਿਆ ਅਤੇ ਭੁਲਾ ਦਿੱਤਾ ਗਿਆ ਹੈ। ਪਾਪ ਸਦੀਪਕ ਜੀਵਨ ਲਈ ਮਸਲਾ ਨਹੀਂ ਹੈ। **ਮਸਲਾ ਸੱਚੇ ਵਿਸ਼ਵਾਸ ਦਾ ਹੈ** ਕਿ ਯਿਸੂ ਕੌਣ ਹੈ ਅਤੇ ਉਸ ਨੇ ਕੀ ਕੀਤਾ ਹੈ, ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।

ਅਤੇ ਇਹ ਸੱਚਾ ਵਿਸ਼ਵਾਸ ਉਨ੍ਹਾਂ ਕੋਲ ਆਉਂਦਾ ਹੈ: "ਜਿਨ੍ਹਾਂ ਨੂੰ ਉਸ ਨੇ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਚੁਣ ਲਿਆ ਹੈ" (ਅਫਸੀਆਂ 1:4); "ਜਿਨ੍ਹਾਂ ਨੂੰ ਉਸ ਆਪਣੀ ਮਰਜ਼ੀ ਲਈ ਅੱਗੋਂ ਹੀ ਠਹਿਰਾਇਆ ਹੈ" (ਆਇਤ 5); "ਉਸ ਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸਭ ਕੁਝ ਕਰਦਾ ਹੈ" (ਆਇਤ 11) (ਵਿਸ਼ਵਾਸ ਦੇ ਇੱਕ

ਪੂਰਣ ਅਧਿਐਨ ਲਈ ਮੇਰੇ "ਵਿਸ਼ਵਾਸ" ਦੇ ਅਧਿਐਨ ਨੋਟਸ ਵੇਖੋ)
ਕੁਝ ਆਇਤਾਂ ਹਨ ਜੋ ਇਹ ਆਖਦੀਆਂ ਜਾਪਦੀਆਂ ਹਨ ਕਿ "ਪਰਮੇਸ਼ੁਰ ਦੀ ਇੱਛਾ" ਹਮੇਸ਼ਾ ਪੂਰੀ ਨਹੀਂ ਹੋਵੇਗੀ।

ਇਹ ਉਨ੍ਹਾਂ ਆਇਤਾਂ ਵਿੱਚੋਂ ਇੱਕ ਹੈ:

2 ਪਤਰਸ 3:7-9 ਪਰ ਅਕਾਸ਼ ਅਤੇ ਧਰਤੀ ਜਿਹੜੇ ਹੁਣ ਹਨ ਸਾੜੇ ਜਾਣ ਲਈ ਓਸੇ ਬਚਨ ਨਾਲ ਰੱਖ ਛੱਡੇ ਹੋਏ ਹਨ ਅਤੇ
**ਭਗਤੀਹੀਣ ਮਨੁੱਖਾਂ ਦੇ ਨਿਆਉਂ ਅਤੇ ਨਾਸ ਹੋਣ ਦੇ ਦਿਨ** ਤੀਕ ਸਾਂਭੇ ਰਹਿਣਗੇ। 8 ਹੇ **ਪਿਆਰਿਓ**, ਇੱਕ ਇਹ ਗੱਲ ਤੁਹਾਥੋਂ ਭੁੱਲੀ
ਨਾ ਰਹੇ ਭਈ ਪ੍ਰਭੁ ਦੇ ਅੱਗੇ ਇੱਕ ਦਿਨ ਹਜ਼ਾਰ ਵਰਹੇ ਜਿਹਾ ਹੈ ਅਤੇ ਹਜ਼ਾਰ ਵਰਹਾ ਇੱਕ ਦਿਨ ਜਿਹਾ ਹੈ। 9 ਪ੍ਰਭੂ ਆਪਣੇ ਵਾਇਦੇ
ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ **ਤੁਹਾਡੇ** (ਪਿਆਰੇ) ਨਾਲ ਧੀਰਜ ਕਰਦਾ ਹੈ ਕਿਉਂ ਜੋ **ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ** (ਪਿਆਰੇ) **ਤੋਬਾ ਵੱਲ ਮੁੜਨ।**

- ਪਤਰਸ ਦੀ ਪੱਤਰੀ ਵਿਸ਼ਵਾਸੀਆਂ ਨੂੰ ਲਿਖੀ ਗਈ ਹੈ: 2 ਪਤਰਸ 1:1 ਜਿਹੜੇ ਸਾਡੇ ਸਮਾਨ ਅਮੋਲਕ **ਨਿਹਚਾ ਨੂੰ ਪਰਾਪਤ ਹੋਏ** ਹਨ। (ਜੋ ਕਿ ਪਤਰਸ ਵਾਂਗ ਹੈ) . . . . ਜਿਹਨੇ ਸਾਨੂੰ ਸੱਦਿਆ

- ਉਹ **ਪਿਆਰਿਆਂ** ਨਾਲ ਗੱਲ ਕਰ ਰਿਹਾ ਹੈ ਅਤੇ ਇਹ ਕਿ ਪਰਮੇਸ਼ੁਰ **ਤੁਹਾਡੇ** ਨਾਲ ਧੀਰਜ ਕਰਦਾ ਹੈ **ਪਿਆਰੇ** (ਸ਼ਾਬਦਿਕ; ਸਾਡੇ ਲਈ ਲੰਮਾ ਦੁੱਖ ਝੱਲਣਾ) ਅਤੇ ਨਹੀਂ ਚਾਹੁੰਦਾ ਹੈ ਭਈ **ਕਿਸੇ** ("ਸਾਨੂੰ" ਉਸ ਦੇ "ਪਿਆਰਿਆਂ" ਦਾ) **ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ।**

    ਕਿਸੇ ਬੰਦ ਦਾ ਵਿਸ਼ਾ ਵਿਆਖਿਆਂ ਲਈ ਨਾਜ਼ੁਕ ਹੈ।

ਅਫਸੀਆਂ 1:11 . . . ਉਹ ਦੀ **ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ**

ਯਸਾਯਾਹ 46:10 **ਮੈਂ ਆਦ ਤੋਂ ਅੰਤ ਨੂੰ**, ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ **ਦੱਸਦਾ ਹਾਂ**, ਮੈਂ ਆਖਦਾ ਹਾਂ, **ਮੇਰੀ ਸਲਾਹ ਕਾਇਮ ਰਹੇਗੀ, ਅਤੇ ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ।**

ਯਸਾਯਾਹ 55:11 **ਮੇਰਾ ਬਚਨ ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ, ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਏਗਾ।**

ਜੇਕਰ ਮੈਂ ਇਸ ਇੱਕ ਚੀਜ਼ ਉੱਤੇ ਭਰੋਸਾ ਕਰਦਾ ਹਾਂ; ਸਾਰੇ ਜਿਨ੍ਹਾਂ ਨੂੰ ਉਹ ਪਿਆਰ ਕਰਦਾ ਹੈ, ਕਿ ਉਸ ਨੇ ਚੁਣਿਆ ਅਤੇ ਅੱਗੋਂ ਹੀ ਠਹਿਰਾਇਆ ਹੈ, ਉਹ ਸਵਰਗ ਵਿੱਚ ਹੋਣਗੇ।

ਇੱਥੇ ਇੱਕ ਹੋਰ ਆਇਤ ਹੈ ਜੋ ਵਿਰੋਧ ਵਿੱਚ ਖੜ੍ਹੀ ਹੁੰਦੀ ਹੈ:

1 ਤਿਮੋਥਿਉਸ 2:1-6 ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਂ, ਅਰਦਾਸਾਂ ਅਤੇ ਧੰਨਵਾਦ
**ਸਭਨਾਂ ਮਨੁੱਖਾਂ** ਲਈ ਕੀਤੇ ਜਾਨ। 2 ਪਾਤਸ਼ਾਹਾਂ ਅਤੇ **ਸਭਨਾਂ** ਮਰਾਤਬੇ ਵਾਲਿਆਂ ਦੇ ਲਈ ਭਈ **ਅਸੀਂ** ਪੂਰੀ ਭਗਤੀ ਅਤੇ
ਗੰਭੀਰਤਾਈ ਵਿੱਚ ਚੈਨ ਅਤੇ ਸੁਖ ਨਾਲ ਉਮਰ ਭੋਗੀਏ। 3 ਸਾਡੇ ਮੁਕਤੀ ਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ।
4 **ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ।** 5 ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ

ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ। [6] ਜਿਹ ਨੇ **ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ** ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ।

- ਵਿਸ਼ੇ ਦੇ ਅਨੁਸਾਰ, "ਸਾਰੇ" ਸੀਮਿਤ ਨਹੀਂ ਹੈ, ਇਸ ਵਿੱਚ ਸਭ ਸ਼ਾਮਲ ਹਨ। ਫਿਰ ਵੀ ਇਹ ਇਸ ਤਰ੍ਹਾਂ ਨਹੀਂ ਆਖਦਾ ਕਿ ਸਾਰੇ ਬਚਾਏ ਜਾਣਗੇ, ਕੇਵਲ ਉਹ ਜਿਨ੍ਹਾਂ ਲਈ ਉਸ ਦੀ "ਇੱਛਾ" ਹੈ।

  ਬਾਰਨੇਸ ਦੇ ਨੋਟਸਾਂ ਤੋਂ:

  "ਇਹ ਹੈ ਕਿ ਇਹ ਉਸ ਦੇ ਸੁਭਾਉ, ਉਸ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਇੱਛਾਵਾਂ ਦੇ ਅਨੁਸਾਰ ਹੈ। ਸ਼ਬਦ ਇੱਛਾਵਾਂ ਦੂਸਰੀਆਂ ਆਇਤਾਂ ਵਿੱਚ ਸ਼ਬਦ "ਮਰਜ਼ੀ" ਅਨੁਵਾਦ ਕੀਤਾ ਗਿਆ ਹੈ। ਇਸ ਨੂੰ ਇੱਥੇ ਪੂਰੇ ਅਰਥ ਦੇ ਵਿੱਚ ਨਹੀਂ ਲਿਆ ਜਾ ਸਕਦਾ, ਇਹ ਇੱਕ ਹੁਕਮ ਨੂੰ ਦਰਸਉਂਦਾ ਹੈ ਕਿ ਜਿਸ ਦੇ ਵਿੱਚ ਉਸ ਨੇ ਸੰਸਾਰ ਦੀ ਸ੍ਰਿਸ਼ਟ ਦੀ ਇੱਛਾ ਕੀਤੀ, ਫਿਰ ਇਹ ਪੱਕਾ ਕੀਤਾ ਜਾਵੇਗਾ। ਸ਼ਬਦ ਨੂੰ ਅਕਸਰ ਇੱਕ ਇੱਛਾ, ਕਾਮਨਾ ਨੂੰ ਵਿਖਾਉਣ ਲਈ ਵਰਤਿਆ ਗਿਆ ਹੈ। ਉਹ ਇਸ ਅਰਥ ਦੇ ਵਿੱਚ ਇੱਛਾ ਨਹੀਂ ਕਰਦਾ ਕਿ ਉਹ ਆਪਣੀ ਸੰਪੂਰਨ ਸਮਰੱਥਾ ਨੂੰ ਇਸ ਦੇ ਹੋਣ ਲਈ ਲਾਉਂਦਾ ਹੈ"।

  ਨਵੇਂ ਨੇਮ ਦੇ ਵਿੱਚ ਉਹ ਸਥਾਨ ਜਿੱਥੇ ਇਸ ਸ਼ਬਦ ਦਾ ਅਰਥ ਇੱਛਾ ਜਾਂ ਕਾਮਨਾ ਹੈ:
  ਮੱਤੀ 15:28; ਯੂਹੰਨਾ 16:19; ਲੂਕਾ 8:20; ਗਲਾਤੀਆਂ 4:20; 1 ਕੁਰਿੰਥੀਆਂ 7:7; 11:3; 14:5

  ਹੇਠਾਂ ਦਿੱਤੀਆਂ ਸਾਡੀ ਉਹ ਸਮਝਣ ਵਿੱਚ ਸਹਾਇਤਾ ਕਰਦੀਆਂ ਹਨ ਜੋ ਪੌਲੁਸ ਆਖਦਾ ਹੈ:

1 ਤਿਮੋਥਿਉਸ 4:10 ਇਸੇ ਨਮਿੱਤ ਅਸੀਂ ਮਿਹਨਤ ਅਤੇ ਜਤਨ ਕਰਦੇ ਹਾਂ ਇਸ ਲਈ ਜੋ ਅਸਾਂ ਜੀਉਂਦੇ ਪਰਮੇਸ਼ੁਰ ਉੱਤੇ ਆਸ ਲਾਈ ਹੋਈ ਹੈ ਜਿਹੜਾ **ਸਾਰਿਆਂ ਮਨੁੱਖਾਂ ਦਾ** ਪਰ ਖਾਸ ਕਰਕੇ ਨਿਹਚਾਵਾਨਾਂ ਦਾ **ਮੁਕਤੀ ਦਾਤਾ ਹੈ**।

- ਪੌਲੁਸ ਆਖਦਾ ਹੈ ਕਿ ਉਹ **ਸਾਰਿਆਂ ਮਨੁੱਖਾਂ ਦਾ ਮੁਕਤੀ ਦਾਤਾ ਹੈ,** ਇਸ ਅਰਥ ਵਿੱਚ ਕਿ ਕੋਈ ਹੋਰ ਮੁਕਤੀ ਦਾਤਾ ਨਹੀਂ ਹੈ। ਕੋਈ ਹੋਰ ਨਹੀਂ, ਕਿਤੇ ਹੋਰ ਮੁੜਨ ਲਈ ਨਹੀਂ। ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ। [6] ਜਿਹ ਨੇ **ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ** ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ। (1 ਤਿਮੋਥਿਉਸ 2:5-6)

- ਪਰ ਇਹ ਸਪੱਸ਼ਟ ਹੈ ਕਿ **ਸਾਰੇ** ਬਚਾਏ ਨਹੀਂ ਜਾਣਗੇ। **ਕੇਵਲ** ਉਹ ਜੋ **ਵਿਸ਼ਵਾਸ ਕਰਦੇ ਹਨ**। ਕੇਵਲ ਉਹ ਜਿਨ੍ਹਾਂ ਨੂੰ ਉਸ ਨੇ **ਚੁਣਿਆ ਹੈ**। ਕਿਉਂਕਿ ਜੇਕਰ ਉਹ ਕੁਝ ਲੋਕਾਂ ਨੂੰ ਨਹੀਂ ਚੁਣਦਾ ਤਾਂ ਉੱਥੇ ਕੋਈ ਵੀ ਨਹੀਂ ਹੋਵੇਗਾ!

  ਕਿਉਂਕਿ:

  ਜ਼ਬੂਰ 14:2-3 ਯਹੋਵਾਹ ਨੇ ਸੁਰਗ ਉੱਤੋਂ ਆਦਮ ਵੰਸ ਉੱਤੇ ਦਰਿਸ਼ਟੀ ਕੀਤੀ, ਤਾਂ ਉਹ ਵੇਖੇ ਭਈ **ਕੋਈ ਬੁੱਧਵਾਨ, ਪਰਮੇਸ਼ੁਰ ਦਾ ਤਾਲਿਬ ਹੈ ਕਿ ਨਹੀਂ**? [3] ਓਹ **ਸੱਭੇ ਕੁਰਾਹੇ ਪੈ ਗਏ**, ਓਹ ਸਭ ਦੇ ਸਭ ਭਰਿਸ਼ਟ ਹੋ ਗਏ ਹਨ। **ਕੋਈ** ਭਲਾ ਕਰਨ ਵਾਲਾ **ਨਹੀਂ—ਇੱਕ ਵੀ ਨਹੀਂ**!

  ਰੋਮੀਆਂ 3:10-12 **ਕੋਈ** ਧਰਮੀ **ਨਹੀਂ, ਇੱਕ ਵੀ ਨਹੀਂ**, [11] **ਕੋਈ** ਸਮਝਣ ਵਾਲਾ **ਨਹੀਂ**, **ਕੋਈ** ਪਰਮੇਸ਼ੁਰ ਦਾ ਤਾਲਿਬ **ਨਹੀਂ**। [12] **ਓਹ ਸਭ ਕੁਰਾਹੇ ਪੈ ਗਏ . . .**

ਪਰ ਉਨ੍ਹਾਂ ਲਈ ਜਿਨ੍ਹਾਂ ਨੂੰ ਉਹ ਚੁਣਦਾ ਹੈ, ਉਨ੍ਹਾਂ ਲਈ ਜਿਨ੍ਹਾਂ ਨੂੰ ਉਹ ਚੁਣਦਾ ਹੈ, **ਉਹ ਇਸ ਨੂੰ ਕਰੇਗਾ**: ਕਿਉਂ **ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**

ਜਿਵੇਂ ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ। [17] ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ **ਪਰਗਟ ਕੀਤੀ**। ਮੱਤੀ 16:16-18

- ਸੱਚਾਈ ਨੂੰ ਜਾਣਨ ਲਈ - ਯਿਸੂ - ਪਰਮੇਸ਼ੁਰ ਵੱਲੋਂ ਇੱਕ ਪ੍ਰਕਾਸ਼ਣ ਦੀ ਲੋੜ ਹੈ, ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਤੁਹਾਡੇ ਵਿੱਚ ਪੈਦਾ ਕਰਦਾ ਹੈ।
  **ਕੋਈ ਮੇਰੇ ਕੋਲ ਆ ਨਹੀਂ ਸੱਕਦਾ ਜੇ ਪਿਤਾ ਜਿਹ ਨੇ ਮੈਨੂੰ ਘੱਲਿਆ ਉਹ ਨੂੰ ਨਾ ਖਿੱਚੇ** ਅਤੇ ਮੈਂ ਅੰਤ ਦੇ ਦਿਨ ਉਹ ਨੂੰ ਜੀਉਂਦਾ ਉਠਾਵਾਂਗਾ। ਯੂਹੰਨਾ 6: 44

ਸਾਡੀਆਂ ਪ੍ਰਾਰਥਨਾਵਾਂ ਅਤੇ ਪ੍ਰਚਾਰ ਵਿੱਚ **ਸਾਰੇ ਸ਼ਾਮਲ ਹੋਣੇ ਚਾਹੀਦੇ ਹਨ** ਕਿਉਂਕਿ ਅਸੀਂ ਨਹੀਂ ਜਾਣਦੇ ਕੌਣ ਪਰਮੇਸ਼ੁਰ ਦੇ ਚੁਣੇ ਹੋਏ ਹਨ ਅਤੇ ਕੌਣ ਨਹੀਂ।

- ਇਬਰਾਨੀਆਂ 4:2 ਕਿਉਂ ਜੋ **ਸਾਨੂੰ ਖੁਸ਼ ਖਬਰੀ ਸੁਣਾਈ ਗਈ ਸੀ** ਜਿਵੇਂ **ਉਨ੍ਹਾਂ ਨੂੰ ਭੀ** ਪਰ ਸੁਣਿਆ ਹੋਇਆ ਬਚਨ **ਉਨ੍ਹਾਂ ਲਈ ਲਾਭਵੰਤ ਨਾ ਹੋਇਆ ਇਸ ਕਰਕੇ ਜੋ ਏਹ** ਸੁਣਨ ਵਾਲਿਆਂ ਦੇ ਵਿੱਚ **ਨਿਹਚਾ ਦੇ ਨਾਲ ਨਾ ਰਚਿਆ**।

ਕਿਉਂ ਨਹੀਂ ? ਕਿਉਂ ਕੁਝ ਨੇ ਵਿਸ਼ਵਾਸ ਕੀਤਾ ਅਤੇ ਕੁਝ ਨੇ ਨਹੀਂ ?

ਭਰੋਸੇ ਲਈ ਵਿਸ਼ਵਾਸ ਪਰਮੇਸ਼ੁਰ ਵੱਲੋਂ ਇੱਕ ਦਾਤ ਹੈ।

ਯੂਹੰਨਾ 6:64-65 ਪਰ ਤੁਹਾਡੇ ਵਿੱਚੋਂ ਕਿੰਨੇ ਹੀ ਹਨ ਜੋ **ਨਿਹਚਾ ਨਹੀਂ ਕਰਦੇ** ਕਿਉਂਕਿ ਯਿਸੂ ਮੁੱਢੋਂ ਜਾਣਦਾ ਸੀ ਕਿ ਕਿਹੜੇ ਹਨ ਜਿਹੜੇ **ਨਿਹਚਾ ਨਹੀਂ ਕਰਦੇ** . . . [65] ਉਸ ਨੇ ਆਖਿਆ, ਕੋਈ ਮੇਰੇ ਕੋਲ ਨਹੀਂ ਆ ਸੱਕਦਾ ਜੇਕਰ **ਇਹ** ਪਿਤਾ ਦੀ ਵੱਲੋਂ **ਉਹ ਨੂੰ ਬਖ਼ਸ਼ਿਆ** ਨਾ ਗਿਆ ਹੋਵੇ।

ਯੂਹੰਨਾ 6:37 **ਜੋ ਕੁਝ ਪਿਤਾ ਮੈਨੂੰ ਦਿੰਦਾ ਹੈ** ਮੇਰੇ ਕੋਲ **ਆਵੇਗਾ**

2 ਪਤਰਸ 1:1 ਸ਼ਮਊਨ ਪਤਰਸ. . . **ਜਿਹੜੇ** ਸਾਡੇ ਸਮਾਨ **ਅਮੋਲਕ ਨਿਹਚਾ ਨੂੰ ਪਰਾਪਤ ਹੋਏ ਹਨ**।

ਜ਼ਬੂਰ 33:15 **ਉਨ੍ਹਾਂ ਸਭਨਾਂ ਦੇ ਦਿਲਾਂ ਨੂੰ ਉਹੋ ਰਚਦਾ ਹੈ**

ਰੋਮੀਆਂ 10:10 **ਹਿਰਦੇ** ਨਾਲ **ਨਿਹਚਾ ਕਰੀਦੀ**

ਯਾਕੂਬ 1:18 **ਉਹ ਨੇ ਆਪਣੀ ਹੀ ਮਨਸ਼ਾ ਤੋਂ ਸਾਨੂੰ** ਸਚਿਆਈ ਦੇ ਬਚਨ ਨਾਲ **ਜਨਮ ਦਿੱਤਾ**

1 ਪਤਰਸ 1:3 ਆਪਣੀ ਅੱਤ ਦਯਾ ਦੇ ਅਨੁਸਾਰ **ਸਾਨੂੰ** ਨਵੇਂ ਸਿਰਿਓਂ ਜਨਮ **ਦਿੱਤਾ**।

1 ਪਤਰਸ 1:21 ਜਿਹੜੇ **ਉਹ ਦੇ ਰਾਹੀਂ** ਪਰਮੇਸ਼ੁਰ ਉੱਤੇ **ਨਿਹਚਾ ਰੱਖਦੇ ਹੋ**

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ ਨਾ ਕੇਵਲ ਉਸ ਉੱਤੇ **ਨਿਹਚਾ ਹੀ ਕਰੋ** ਸਗੋਂ ਉਹ ਦੇ ਲਈ ਦੁੱਖ ਵੀ ਝੱਲੋ

ਰੋਮੀਆਂ 12:3 **. . . ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।**

ਰੋਮੀਆਂ 10:17 ਸੋ **ਪਰਤੀਤ ਸੁਣਨ** ਨਾਲ, ਅਤੇ ਸੁਣਨਾ ਮਸੀਹ ਦੇ ਬਚਨ ਤੋਂ **ਆਉਂਦਾ** ਹੈ।

ਯੂਹੰਨਾ 8:47 ਜੋ ਪਰਮੇਸ਼ੁਰ **ਤੋਂ** (ek) ਹੈ ਸੋ **ਪਰਮੇਸ਼ੁਰ** ਦੇ ਬਚਨ **ਸੁਣਦਾ ਹੈ। ਤੁਸੀਂ ਇਸੇ ਕਾਰਨ ਨਹੀਂ ਸੁਣਦੇ ਜੋ ਤੁਸੀਂ ਪਰਮੇਸ਼ੁਰ ਤੋਂ** (ek) **ਨਹੀਂ ਹੋ**।

NT:1537 ek (ek) ਇੱਕ ਮੁੱਖ ਜੋੜਕ ਜੋ **ਮੂਲ** (ਉਹ ਬਿੰਦੂ ਜਿੱਥੋਂ ਇੱਕ ਕੰਮ ਜਾਂ ਕਿਰਿਆ ਸ਼ੁਰੂ ਹੁੰਦੀ ਹੈ) ਨੂੰ ਦਰਸਾਉਂਦਾ ਹੈ, ਤੋਂ, ਇਸ ਵਿੱਚੋਂ।

ਯੂਹੰਨਾ 10:26-27 **ਪਰ ਤੁਸੀਂ ਪਰਤੀਤ ਨਹੀਂ ਕਰਦੇ ਕਿਉਂ ਜੋ ਮੇਰੀਆਂ ਭੇਡਾਂ ਵਿੱਚੋਂ ਨਹੀਂ ਹੋ।** (27) **ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।

ਲੂਕਾ 8:10 ਅਰ ਉਸ ਨੇ ਕਿਹਾ, ਪਰਮੇਸ਼ੁਰ ਦੇ ਰਾਜ ਦੇ ਭੇਤਾਂ ਦੀ ਸਮਝ **ਤੁਹਾਨੂੰ ਦਿੱਤੀ ਗਈ ਹੈ, ਪਰ ਹੋਰਨਾਂ ਨੂੰ** ਦ੍ਰਿਸ਼ਟਾਂਤਾਂ ਵਿੱਚ, ਤਾਂ ਜੋ **ਓਹ ਵੇਖਦਿਆਂ** ਨਾ **ਵੇਖਣ** ਅਤੇ **ਸੁਣਦਿਆਂ** ਨਾ **ਸਮਝਣ**।

ਇਬਰਾਨੀਆਂ 12:2 ਯਿਸੂ **ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ . . .**

ਕਰਤਾ – ਯੁਨਾਨੀ; ਸ਼ੁਰੂ ਕਰਨਾ, **ਸ਼ੁਰੂ ਕਰਨਾ** ਅਤੇ ਲਿਆਉਣਾ ਜਾਂ ਅਗਵਾਈ ਕਰਨਾ।
ਵਿਸ਼ਵਾਸ ਪਰਮੇਸ਼ੁਰ ਦੁਆਰਾ ਸ਼ੁਰੂ ਹੁੰਦਾ ਹੈ ਅਤੇ ਸੰਪੂਰਨ ਕੀਤਾ ਜਾਂਦਾ ਹੈ।

ਸੰਪੂਰਨ ਕਰਨ ਵਾਲਾ – ਲਗਾਤਾਰ, ਸਹਿਣ ਵਾਲਾ ਵਿਸ਼ਵਾਸ ਪਰਮੇਸ਼ੁਰ ਵੱਲੋਂ ਹੈ।

ਲੂਕਾ 22:32 ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ **ਤੇਰੀ ਨਿਹਚਾ ਜਾਂਦੀ ਨਾ ਰਹੇ**

ਇਬਰਾਨੀਆਂ 7:25 ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ **ਪੂਰਾ ਨਿਸਤਾਰਾ** ਕਰ ਸੱਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।

2 ਤਿਮੋਥਿਉਸ 2:19 ਤਾਂ ਵੀ ਪਰਮੇਸ਼ੁਰ ਦੀ ਧਰੀ ਹੋਈ ਪੱਕੀ ਨੀਂਹ ਅਟੱਲ ਰਹਿੰਦੀ ਹੈ ਜਿਹ ਦੇ ਉੱਤੇ ਇਹ ਮੋਹਰ ਲੱਗੀ ਹੋਈ ਹੈ ਭਈ **ਪ੍ਰਭੂ ਆਪਣਿਆਂ ਨੂੰ ਜਾਣਦਾ ਹੈ**, ਨਾਲੇ ਇਹ ਭਈ ਹਰੇਕ ਜਿਹੜਾ ਪ੍ਰਭੂ ਦਾ ਨਾਮ ਲੈਂਦਾ ਹੈ ਕੁਧਰਮ ਤੋਂ ਅੱਡ ਰਹੇ।

ਪਰਮੇਸ਼ੁਰ ਪਿਆਰ ਹੈ – ਪਿਆਰ ਕਦੇ ਟਲਦਾ ਨਹੀਂ। ਅਖੀਰ ਉਸ ਦੀ ਇੱਛਾ ਪੂਰੀ ਹੋਵੇਗੀ।

ਇਬਰਾਨੀਆਂ 13:20-21 ਹੁਣ ਸ਼ਾਂਤੀ ਦਾਤਾ ਪਰਮੇਸ਼ੁਰ . . . [21] **ਤੁਹਾਨੂੰ** ਹਰੇਕ ਭਲੇ ਕੰਮ ਵਿੱਚ **ਸੰਪੂਰਨ ਕਰੇ** ਭਈ **ਤੁਸੀਂ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ** ਅਤੇ ਜੋ ਕੁਝ **ਉਹ ਨੂੰ ਭਾਉਂਦਾ ਹੈ** ਉਹੋ ਸਾਡੇ ਵਿੱਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਹ ਦੀ ਵਡਿਆਈ ਜੁੱਗੋ ਜੁੱਗ ਹੋਵੇ! ਆਮੀਨ।

ਫਿਲਿੱਪੀਆਂ 1:6 ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ **ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ** ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**।

1 ਥੱਸਲੁਨੀਕੀਆਂ 5:24 ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ **ਉਹ ਅਜਿਹਾ ਹੀ ਕਰੇਗਾ**। (ਇਸ ਨੂੰ ਹੋਣ ਦੇਵੇਗਾ)

ਯਸਾਯਾਹ 14:24 ਸੈਨਾਂ ਦੇ ਯਹੋਵਾਹ ਨੇ ਸੌਂਹ ਖਾਧੀ, ਕਿ ਨਿਸੰਗ ਜਿਵੇਂ **ਮੈਂ ਠਾਣਿਆ, ਤਿਵੇਂ ਹੋ ਜਾਵੇਗਾ,** ਅਤੇ **ਜਿਵੇਂ ਮੈਂ ਮਤਾ ਮਤਾਇਆ, ਤਿਵੇਂ ਉਹ ਕਾਇਮ ਰਹੇਗਾ**

ਜ਼ਬੂਰ 33:8-12 **ਯਹੋਵਾਹ ਦੀ ਸਲਾਹ ਸਦਾ ਅਟੱਲ ਰਹਿੰਦੀ ਹੈ,** ਅਤੇ ਉਸ ਦੇ ਮਨ ਦੀਆਂ ਸੋਚਾਂ ਪੀੜ੍ਹੀਓਂ ਪੀੜ੍ਹੀ।

ਹਾਂ ਅਤੇ ਆਮੀਨ!

ਜਿਵੇਂ ਉਸ ਨੇ ਯੋਜਨਾ ਬਣਾਈ ਹੈ, ਤਿਵੇਂ ਉਹ ਕਾਇਮ ਰਹੇਗੀ।